# ਸਮਤਾ

ਮਾਰਚ 1982 (ਅੰਕ 22)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਮਾਰਚ 1982
ਮੁਲ – ਡੇਢ ਰੁਪਿਆ

22

ਸੰਪਾਦਕੀ ੦

# 1. ਜਮਹੂਰੀ ਹੱਕਾਂ ਬਾਰੇ ਲਹਿਰ

ਪੰਜਾਬ ਵਿਚ ਜਮਹੂਰੀ ਹੱਕਾਂ ਬਾਰੇ ਚੇਤਨਤਾ ਨੇ ਹੁਣ ਇਕ ਬਾਕਾਇਦਾਂ ਲਹਿਰ ਦਾ ਰੂਪ ਧਾਰ ਲਿਆ ਹੈ। 20–21–22 ਫਰਵਰੀ ਜਮਹੂਰੀ ਅਧਿਕਾਰ ਸਭਾ ਦੀ ਲੁਧਿਆਣਾ ਵਿਖੇ ਸੂਬਾ ਕਨਵੈਨਸ਼ਨ ਹੋਈ। ਸੌ ਤੋਂ ਵਧ ਡੈਲੀਗੇਟਾਂ ਨੇ, ਜਿਹੜੇ ਪੰਜਾਬ ਦ ਹਰ ਜ਼ਿਲੇ ਦੀ ਨੁਮਾਇੰਦਗੀ ਕਰ ਰਹੇ ਸਨ, ਜਮਹੂਰੀ ਹੱਕਾਂ ਬਾਰੇ ਬੜੀ ਖੁਲ੍ਹ ਕੇ ਬਹਿਸ ਕੀਤੀ। ਹਿੰਦੋਸਤਾਨ ਦੇ ਬਾਕੀ ਸੂਬਿਆਂ ਤੋਂ ਭਰਾਤਰੀ ਡੈਲੀਗੇਟਾਂ ਨੇ ਇਸ ਵਿਚ ਸ਼ਮੂਲੀਅਤ ਕੀਤੀ। ਇਸ ਕਨਵੈਨਸ਼ਨ ਵਿਚ ਜਿਹੜੀ ਗਲ ਉਭਰਕੇ ਸਾਹਮਣੇ ਆਈ, ਉਹ ਇਹ ਸੀ ਕਿ ਜਿਥੇ ਸਰਕਾਰੀ ਅਦਾਰਿਆਂ ਵਲੋਂ ਲੋਕਾਂ ਤੇ ਸੋਸ਼ਨ (ਜ਼ੁਲਮ ਅਤੇ ਅਤਿਆਚਾਰ) ਵਧ ਰਿਹਾ ਹੈ ਅਤੇ ਜਮਹੂਰੀ ਹੱਕਾਂ ਉਤੇ ਛਾਪਾ ਮਾਰਿਆ ਜਾ ਰਿਹਾ ਹੈ, ਓਥੇ ਸਾਧਾਰਨ ਲੋਕਾਂ ਵਿਚ ਇਹਨਾਂ ਹੱਕਾਂ ਬਾਰੇ ਚੇਤਨਤਾ ਵੀ ਜ਼ਰੂਰ ਵਧ ਰਹੀ ਹੈ ਅਤੇ ਲੋੜ ਹੈ ਕਿ ਇਸ ਵਧ ਰਹੀ ਚੇਤਨਤਾ ਨੂੰ ਸ਼ਕਤੀਸ਼ਾਲੀ ਜਥੇਬੰਦ ਲਹਿਰ ਦਾ ਰੂਪ ਦਿਤਾ ਜਾਏ। ਇਹਦੇ ਲਈ ਜਮਹੂਰੀ ਅਧਿਕਾਰ ਸਭਾ ਨੇ ਧੁਰਾ ਬਣਨਾ ਹੈ। ਪਿਛਲੇ ਇਕ ਸਾਲ ਵਿਚ ਇਸ ਸਭਾ ਨੇ ਜਿਥੇ ਆਪਣੀ ਸਮਰਥਾ ਅਨੁਸਾਰ ਕੁਝ ਅਹਿਮ ਮਸਲਿਆਂ ਬਾਰੇ ਸ਼ਲਾਘਾ ਜੋਗ ਹਿੱਸਾ ਪਾਇਆ ਹੈ, ਉਥੇ ਇਹ ਗਲ ਵੀ ਸਵੀਕਾਰ ਕੀਤੀ ਗਈ ਕਿ ਸਭਾ ਦਾ ਘੇਰਾ ਹਾਲੀਂ ਉਹਨਾਂ ਲੋਕਾਂ ਵਿਚ ਹੀ ਹੈ; ਜਿਹੜੇ ਬਹੁਤੇ ਮੁਲਾਜ਼ਮ ਪੇਸ਼ਾ ਹਨ ਅਤੇ ਉਹ ਵੀ ਜਿਹੜੇ ਬਹੁਤੇ ਖੱਬੇ ਪੱਖੀ ਧਾਰਨਾ ਨਾਲ ਸੰਬੰਧ ਰਖਦੇ ਹਨ। ਇਸ ਲਹਿਰ ਨੂੰ ਸਮੂਹ ਦੇਸ਼ ਭਗਤਾਂ ਤਕ ਪੁਚਾਣਾ ਹੈ। ਇਹਦੇ ਵਾਸਤੇ ਹਰ ਇਲਾਕੇ ਵਿਚ ਉਹਨਾਂ ਲੋਕਾਂ ਦਾ ਸਹਿਯੋਗ ਲੈਣਾ ਚਾਹੀਦਾ ਹੈ, ਜੋ ਇਸ ਸਿਸਟਮ ਦੇ ਸੋਸ਼ਨ ਵਿਰੁਧ ਲੋਕ ਪੱਖੀ ਵਿਚਾਰ ਰਖਦੇ ਹਨ। ਹਰ ਇਲਾਕੇ ਵਿਚ ਬਾਕਾਇਦਾ ਕਨਵੈਨਸ਼ਨਾਂ ਦਾ ਪ੍ਰੋਗਰਾਮ ਉਲੀਕ ਕੇ ਇਸ ਕੰਮ ਨੂੰ ਸਿਰੇ ਚੜ੍ਹਾਉਣਾ ਹੈ। ਜਮਹੂਰੀ ਅਧਿਕਾਰ ਸਭਾ ਦੇ ਕੰਮ ਵਿਚ ਆਪਣੇ ਸਰਗਰਮ ਸਹਿਯੋਗ ਦੇ ਨਾਤੇ ਕੁਝ ਜਮਹੂਰੀ ਹੱਕਾਂ ਬਾਰੇ ਗਲਾਂ ਥਲੇ ਲਿਖੀਆਂ ਜਾ ਰਹੀਆਂ ਹਨ ਤਾਂ ਜੋ ਇਹਨਾਂ ਬਾਰੇ ਹੋਰ ਵਿਚਾਰ ਵਟਾਂਦਰਾ ਹੋ ਸਕੇ।

ਮਨੁੱਖ ਦੇ ਜਮਹੂਰੀ ਹੱਕ – ਇਸ ਸਮਾਜ ਵਿਚ ਮਨੁਖ ਦੇ ਜਮਹੂਰੀ ਹੱਕ ਕੀ ਹਨ, ਇਹਦੇ ਬਾਰੇ ਮਨੁਖ ਦੇ ਇਤਿਹਾਸ ਵਿਚ ਕਈ ਪੜਾਅ ਆਏ ਹਨ। ਕਬੀਲਿਆਂ ਦੇ ਰੂਪ ਵਿਚ ਰਹਿ ਰਹੇ ਲੋਕਾਂ ਤੋਂ ਲੈ ਕੇ ਹੁਣ ਦੀਆਂ ਅਧੁਨਿਕ ਸੁਸਾਇਟੀਆਂ ਵਿਚ ਮਨੁਖ ਦੇ ਅਧਿਕਾਰਾਂ ਬਾਰੇ ਲੋਕਾਂ ਦੀ ਸੋਚ ਨੇ ਇਕ ਲੰਮਾ ਸਫਰ ਤਹਿ ਕੀਤਾ ਹੈ। ਮਾਰਕਸ ਦੇ ਜਮਾਤੀ ਫਲਸਫੇ ਨੇ ਹਰ ਸੁਸਾਇਟੀ ਵਿਚ ਮਨੁਖ ਦੇ ਅਧਿਕਾਰਾਂ ਦਾ ਇਕ ਵਿਗਿਆਨਿਕ ਵਿਸ਼ਲੇਸ਼ਣ ਦਿਤਾ ਹੈ ਅਤੇ ਵਿਗਿਆਨਕ ਲੀਹਾਂ ਤੇ ਹੀ ਇਕ ਐਸੀ ਸੁਸਾਇਟੀ ਦੀ ਰੂਪ-ਰੇਖਾ ਉਲੀਕੀ, ਜਿਸ ਸੋਸਾਇਟੀ ਵਿਚ ਹਰ ਇਕ ਮਨੁਖ ਸਹੀ ਸ਼ਬਦਾਂ ਵਿਚ ਆਜ਼ਾਦ ਹੋਵੇਗਾ। ਪਰ ਇਹ ਗੱਲ ਹੁਣ ਸਵੀਕਾਰ ਕਰਨ ਵਿਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਕਿ ਮਾਰਕਸੀ ਫਲਸਫੇ ਨੂੰ ਐਲਾਨੀਆਂ ਤੌਰ ਤੇ ਮੰਨਦੀਆਂ ਹੋਈਆਂ ਕਮਿਊਨਿਸਟ ਪਾਰਟੀਆਂ ਨੇ ਆਪਣੀਆਂ ਅੰਦਰ ਦੀਆਂ ਕਾਰਗੁਜ਼ਾਰੀਆਂ ਵਿਚ ਅਤੇ ਆਪਣੀ ਅਗਵਾਈ ਵਿਚ

---

ਇਸ ਅੰਕ ਵਿਚ – 1. ਜਮਹੂਰੀ ਹੱਕਾਂ ਬਾਰੇ ਲਹਿਰ, 2. ਸ਼ਬਦਾਂ ਨਾਲ ਅਨਅਰਥ, 3. ਕੌਮਾਂਤਰੀਵਾਦ 4. ਮਾਰਕਸੀ ਪਾਰਟੀ ਦੀ ਵਿਜੇਵਾੜਾ ਕਾਂਗਰਸ; ਕਵਿਤਾਵਾਂ – ਐਸਟਰੀਨ ਕਾਈ, ਹਮਦਰਦਵੀਰ ਨੌਸ਼ਹਿਰਵੀ, ਸ਼ਹਰਯਾਰ, ਭੁਪਿੰਦਰ, ਸਰਦਾਰਾ ਸਿੰਘ ਮਾਹਿਲ, ਕਰਨੈਲ, ਤਰਲੋਚਨ ਸਮਾਧਵੀ; ਲੇਖ – ਹਿੰਮਤ ਸਿੰਘ ਸੋਢੀ, ਐਮ.ਸੀ. ਭਾਰਦਵਾਜ; ਕਹਾਣੀਆਂ – ਸ੍ਰੀ ਕਾਂਤ, ਹਰੀਸ਼ ਕੇਸ਼ ਸੁਲਭ; ਪਾਠਕ; ਲੇਖਕ, ਫੋਰਮ – ਸੁਰਜੀਤ ਗਿੱਲ, ਲਾਲ ਸਿੰਘ, ਹੀਰਾ ਸਿੰਘ, ਹਰੀਸ਼ ਮਲਹੋਤਰਾ, ਬੱਲੀ ਸਿੰਘ, ਪਰਤਾਪ ਸਿੰਘ।

ਬਲਦੀਆਂ ਹੋਈਆਂ ਸਰਕਾਰਾਂ ਵਿਚ ਮਨੁਖ ਦੀ ਆਜ਼ਾਦੀ ਦੀਆਂ ਕੋਈ ਚੰਗੀਆਂ ਰਵਾਇਤਾਂ ਨਹੀਂ ਕਾਇਮ ਕੀਤੀਆਂ, ਜਿਹੜੀਆਂ ਮਾਰਕਸ ਦੀਆਂ ਵਿਗਿਆਨਕ ਲੀਹਾਂ ਤੇ ਬਣਾਈ ਆਜ਼ਾਦ ਮਨੁਖ ਦੀ ਕਲਪਨਾ ਨੂੰ ਕਿਸੇ ਲਿਹਾਜ਼ ਨਾਲ ਵੀ ਪੂਰੀਆਂ ਕਰਦੀਆਂ ਹੋਣ। ਜਮਾਤੀ ਸੰਘਰਸ਼ ਦੇ ਨਾਂ ਤੇ ਬੜੇ ਵਡੇ ਵਡੇ ਅਨਅਰਥ ਸੰਸਾਰ ਭਰ ਦੇ ਕਮਿਊਨਿਸਟ ਅਦਾਰਿਆਂ ਨਾਲ ਜੋੜੇ ਜਾ ਸਕਦੇ ਹਨ। ਮਨੁਖ ਦੇ ਲੰਮੇ ਇਤਿਹਾਸ ਵਿਚ ਇਕ ਕਮਿਊਨਿਸਟ ਸੁਸਾਇਟੀ ਹੀ ਹੈ, ਜਿਸ ਵਿਚ ਇਹ ਸਮਰਥਾ ਹੈ ਕਿ ਉਹ ਇਹੋ ਜਿਹੇ ਹਾਲਾਤ ਪ੍ਰਦਾਨ ਕਰੇ, ਜਿਸ ਵਿਚ ਮਨੁਖ ਸਹੀ ਤੌਰ ਤੇ ਆਜ਼ਾਦ ਹੋਵੇ। ਜੇ ਇਹ ਹੁਣ ਤਕ ਨਹੀਂ ਹੋ ਸਕਿਆ ਤਾਂ ਇਹਦਾ ਇਹ ਮਤਲਬ ਨਹੀਂ ਕਿ ਇਹ ਕਦੀ ਹੋ ਹੀ ਨਹੀਂ ਸਕਦਾ। ਲੋੜ ਹੈ ਕਿ ਸੰਸਾਰ ਭਰ ਵਿਚ ਸਮਾਜਕ ਵਿਗਿਆਨ ਦੇ ਮਾਹਿਰ ਨਿਧੜਕ ਹੋ ਕੇ ਸਥਾਪਤ ਕਮਿਊਨਿਸਟ ਪਾਰਟੀਆਂ ਦੇ ਆਪਣੇ ਕੇਡਰ ਉਤੇ ਅਤੇ ਕਮਿਊਨਿਸਟ ਸਰਕਾਰਾਂ ਦੇ ਲੋਕਾਂ ਉਤੇ ਸੋਸ਼ਣ ਦਾ ਨੋਟਿਸ ਲੈਣ। ਸਰਮਾਏਦਾਰ ਪ੍ਰੈਸ ਵਿਚ ਇਹਨਾਂ ਬਾਰੇ ਜਦੋਂ ਵੀ ਕੋਈ ਮਨੁਖ ਦੋਖੀ ਘਟਨਾ ਦਾ ਜ਼ਿਕਰ ਆਵੇ ਤਾਂ ਉਸ ਨੂੰ ਮਹਿਜ਼ 'ਬੁਰਜੂਆ ਪ੍ਰੈਸ ਦਾ ਪ੍ਰਾਪੇਗੰਡਾ' ਆਖ ਕੇ ਅੱਖੋਂ ਪਰੋਖਾ ਨਾ ਕੀਤਾ ਜਾਏ। ਵੀਹਵੀਂ ਸਦੀ ਵਿਚ ਸਾਇੰਸ ਦੀ ਮੰਗ ਹੈ ਅਤੇ ਇਸ ਵਿਚ ਮਾਰਕ-ਸਿਜ਼ਮ ਦੀ ਸਭ ਤੋਂ ਉਚੀ ਸੋਸ਼ਲ ਸਾਇੰਸ ਸ਼ਾਮਲ ਹੈ, ਕਿ ਮਨੁਖ ਦੀ ਸੋਚਣੀ ਤਰਕਸ਼ੀਲ ਹੋਵੇ ਅਤੇ ਹਰ ਇਕ ਘਟਨਾ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਉਸੇ ਤਰਕ ਵਿਚ ਹੋਵੇ। ਪਹਿਲਾਂ ਹੀ ਬਣਾਈਆਂ ਹੋਈਆਂ ਧਾਰਨਾਵਾਂ ਅਨੁਸਾਰ ਦਿਸ ਰਹੇ ਯਥਾਰਥ ਨੂੰ ਭਰਮ ਆਖ ਕੇ ਨਾ ਟਾਲ ਦਿਤਾ ਜਾਵੇ। ਇਹ ਕਟੜਵਾਦ ਹੈ ਅਤੇ ਕਟੜ-ਵਾਦ ਇਕ ਸਮਾਜਕ ਰੋਗ ਹੈ। ਕਮਿਊਨਿਸਟ ਧਾਰਨਾ ਦੇ ਲੋਕ ਇਸ ਰੋਗ ਦੇ ਕਾਫੀ ਸ਼ਿਕਾਰ ਹਨ। ਇਨ-ਕਲਾਬੀ ਅਨੁਸਾਸ਼ਨ ਦੇ ਨਾਂ ਥਲੇ ਬਹੁਤ ਕੁਝ ਬਰਦਾਸ਼ਤ ਕੀਤਾ ਗਿਆ ਜਿਹੜਾ ਨੰਗੇ ਰੂਪ ਵਿਚ ਸੋਸ਼ਣ ਤੋਂ ਸਿਵਾ ਕੁਝ ਵੀ ਨਹੀਂ ਸੀ। ਐਮਨਸਟੀ ਇੰਟਰਨੈਸ਼ਨਲ (Amnesty International ਨੇ ਹੁਣੇ ਹਣੇ ਆਪਣੀ 1980-81 ਦੀ ਰੀਪੋਰਟ ਛਾਪੀ ਹੈ। ਇਹਦਾ ਸੰਖੇਪ (Economic and political weekly) ਦੇ ਫਰਵਰੀ 13, 1982 ਦੇ ਅੰਕ ਵਿਚ ਪਾਇਆ ਹੈ। ਇਹ ਸਪਸ਼ਟ ਰੂਪ ਵਿਚ ਦਸਦਾ ਹੈ ਕਿ ਅਮਰੀਕਾ ਦੀ ਸਰਕਾਰ (ਜਿਹੜੀ ਮਨੁਖੀ ਹੱਕਾਂ ਦੀ ਸਾਰਿਆਂ ਨਾਲੋਂ ਵਡੀ ਅਲਮਬਰਦਾਰ ਹੋਣ ਦਾ ਢੌਂਗ ਰਚਾਂਦੀ ਹੈ) ਦਖਣੀ ਅਮਰੀਕਾ ਦੇ ਲੋਕਾਂ ਉਤੇ ਭਿਆਨਕ ਕਿਸਮ ਦਾ ਅਤਿ-ਆਚਾਰ ਕਰ ਰਹੀ ਹੈ। ਜਿਥੇ ਅਫਰੀਕਾ ਵਿਚ ਚਿੱਟੇ ਲੋਕਾਂ ਦੀਆਂ ਸਰਕਾਰਾਂ ਅਤੇ ਹੋਰ ਡਿਕਟੇਟਰ ਨੁਮਾਂ ਸਰਕਾਰਾਂ, ਇਰਾਨ ਵਿਚ ਖੁਮਾਨੀਸ਼ਾਹੀ, ਪਾਕਿਸਤਾਨ ਵਿਚ ਜ਼ਿਆਉਲ-ਹੱਕ, ਹਿੰਦੁਸਤਾਨ ਵਿਚ ਇੰਦਰਾ ਸਰਕਾਰ ਅਤੇ ਦੁਨੀਆਂ ਦੀਆਂ ਹੋਰ ਗ਼ੈਰ ਕਮਿਊਨਿਸਟ ਸਰਕਾਰਾਂ ਲੋਕਾਂ ਉਤੇ ਅਥਾਹ ਜ਼ੁਲਮ ਢਾਹ ਰਹੀਆਂ ਹਨ ਅਤੇ ਇਹਦਾ ਸ਼ਿਕਾਰ ਵੀ ਇਹਨਾਂ ਦੇਸ਼ਾਂ ਵਿਚ ਖੱਬੇ ਪੱਖੀ ਇਨਕਲਾਬੀ ਅਨਸਰ ਹਨ, ਉਥੇ ਕਮਿਊਨਿਸਟ ਸਰਕਾਰਾਂ ਰੂਸ, ਚੀਨ ਤੇ ਹੋਰ ਮੁਲਕਾਂ ਦਾ ਰੀਕਾਰਡ ਵੀ ਕੋਈ ਚੰਗਾ ਨਹੀਂ। ਉਥੇ ਵੀ ਹਜ਼ਾਰਾਂ ਦੀ ਗਿਣਤੀ ਵਿਚ ਕੈਦੀ ਹਨ, ਜਿਨ੍ਹਾਂ ਨੇ ਆਪਣੀ ਜ਼ਮੀਰ ਦੀ ਆਵਾਜ਼ ਨੂੰ ਸੁਣਦਿਆਂ ਸੰਥਾਪਤ ਸ਼ਾਸਨ ਨਾਲ ਸਮਝੌਤਾ ਨਹੀਂ ਕੀਤਾ। ਉਹਨਾਂ ਨੂੰ ਪਾਗਲ ਵੀ ਕਰਾਰ ਦੇ ਕੇ ਪਾਗਲਖਾਨਿਆਂ ਵਿਚ ਬੰਦ ਕਰ ਦਿਤਾ ਗਿਆ ਹੈ। ਰੀਪੋਰਟ ਵਿਚ ਦਿਤੇ ਅੰਕੜਿਆਂ ਬਾਰੇ ਸਾਨੂੰ ਫਿਕਰਮੰਦ ਹੋਣਾ ਚਾਹੀਦਾ ਹੈ। ਕਮਿਊਨਿਸਟਾਂ ਦੇ ਸੋਚ ਜਗਤ ਵਿਚ ਇਸ ਸਭ ਕੁਝ ਬਾਰੇ ਇਕ ਘੜੀ ਘੜਾਈ ਧਾਰਨਾ ਹੈ ਕਿ ਉਲਟ ਇਨਕਲਾਬੀ ਸਿਰ ਚੁਕ ਰਹੇ ਸਨ। ਜੇ ਕਾਰਵਾਈ ਨਾ ਕੀਤੀ ਜਾਂਦੀ ਤਾਂ ਇਨਕਲਾਬ ਨੂੰ ਖਤਰਾ ਸੀ। ਪੋਲੈਂਡ ਹੋਵੇ, ਅਫਗਾਨਿਸਤਾਨ ਹੋਵੇ, ਚੀਨ ਵਿਚ ਵਾਪਰਦੀਆਂ ਘਟਨਾਵਾਂ ਹੋਣ, ਇਕੋ ਹੀ ਦਲੀਲ ਦੇ ਦਿਤੀ ਜਾਂਦੀ ਹੈ। ਕਾਮਰੇਡ ਲੈਨਿਨ, ਕਾਮਰੇਡ ਸਟਾਲਿਨ, ਕਾਮਰੇਡ ਮਾਉ ਦੀਆਂ ਕੁਝ ਲਿਖਤਾਂ ਇਹਦੇ ਪ੍ਰਮਾਣ ਦੇ ਰੂਪ ਵਿਚ ਪੇਸ਼ ਕਰ ਦਿਤੀਆਂ ਜਾਂਦੀਆਂ ਹਨ। ਸਾਨੂੰ ਯਾਦ ਰਖਣਾ ਚਾਹੀਦਾ ਹੈ ਕਿ ਇਹ ਤਿੰਨੇ ਆਗੂ ਪਾਰਟੀ ਸ਼ਾਸਨ ਜਾਂ ਕਮਿਊਨਿਸਟ ਸਰਕਾਰੀ ਸ਼ਾਸਨ ਚਲਾਉਣ ਵਾਲਿਆਂ ਵਿਚੋਂ ਸਨ। ਇਹਨਾਂ ਨੇ ਹਾਲਾਤ ਦੇ ਅਨੁਸਾਰ ਆਪਣੇ ਵਿਰੋਧੀਆਂ ਨਾਲ ਨਜਿੱਠਿਆ। ਉਹਨਾਂ ਦੀਆਂ ਕਾਰਵਾਈਆਂ ਨੂੰ ਵਿਸ਼ੇਸ਼ ਹਾਲਾਤ ਅਨੁ-ਸਾਰ ਦਾਉ ਪੇਚ ਕਿਹਾ ਜਾ ਸਕਦਾ ਹੈ। ਇਹਨਾਂ ਦਾਉ ਪੇਚਾਂ ਨੂੰ ਬੁਨਿਆਦੀ ਸਾਇੰਸ ਦਾ ਦਰਜਾ ਨਹੀਂ ਜਾ ਸਕਦਾ। ਇਹ ਦਾਉ ਪੇਚ ਹਰ ਸਮੇਂ ਹਰ ਯੁਗ ਵਿਚ ਲਾਗੂ ਨਹੀਂ ਹੁੰਦੇ। ਕੁੱਟ ਦਲੀਲਾਂ ਜਿਹੜੀਆਂ 1920-30 ਵਿਚ ਦਿਤੀਆਂ ਜਾਂਦੀਆਂ ਸਨ ਤੇ ਕਾਟ ਵੀ ਕਰਦੀਆਂ ਸਨ ਜਦੋਂ ਸੰਸਾਰ ਦਾ ਪਹਿਲਾ ਪ੍ਰੋਲੇਤਾਰੀ ਇਨਕਲਾਬ ਆਪਣੇ ਬਚਪਨ ਦੇ ਪੜਾਅ ਵਿਚ ਸੀ, ਉਹੀ ਦਲੀਲਾਂ 1982 ਵਿਚ ਕਾਟ ਨਹੀਂ ਕਰਦੀਆਂ ਜਦੋਂ ਇਨਕਲਾਬ ਤਿੰਨ ਪੀੜ੍ਹੀਆਂ ਹੰਢਾ ਚੁਕਾ ਹੈ। ਜਮਹੂਰੀ ਹੱਕਾਂ ਬਾਰੇ ਸਾਡੀ ਇਕ ਸੋਚ ਹੋਣੀ ਚਾਹੀਦੀ ਹੈ ਅਤੇ ਇਸ ਪ੍ਰਿਭਾਸ਼ਾ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਮਨੁਖ ਨੂੰ ਆਪਣੀ ਜ਼ਮੀਰ ਅਨੁਸਾਰ ਜ਼ਿੰਦਗੀ ਵਿਚ ਵਿਚਰਨ ਦਾ ਹੱਕ ਹੈ ਅਤੇ ਆਪਣੇ ਜੀਵਨ ਉਤੇ ਹੋ ਰਹੇ ਸੋਸ਼ਣ ਵਿਰੁਧ ਜਥੇ-ਬੰਦਕ ਸੰਘਰਸ਼ ਕਰਨ ਦਾ ਹੱਕ ਹੈ। ਕਿਸੇ ਨੂੰ ਉਹਦੇ ਵਿਚਾਰਾਂ ਕਰਕੇ ਸੋਸ਼ਣ ਦਾ ਸ਼ਿਕਾਰ ਬਣਾਉਣਾ, ਗ਼ੈਰ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ — ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਰੈਕਸਨਾ ਪ੍ਰਿੰਟਿੰਗ ਪ੍ਰੈਸ, ਪੁਤਲੀਘਰ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ: ਗੁਰੂ ਖ਼ਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ — 143002 : ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 80 ਰੁਪਏ।

ਮਨੁੱਖੀ ਕਾਰਵਾਈ ਹੈ। ਉਹਦੇ ਵਿਚਾਰਾਂ ਦਾ ਮੁਕਾਬਲਾ ਵਿਚਾਰਾਂ ਦੇ ਮੰਚ ਤੇ ਹੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕੁਝ ਅਸੂਲ ਸਥਾਪਤ ਕਰਨੇ ਚਾਹੀਦੇ ਹਨ, ਜਿਸ ਨੂੰ ਸਾਰੀ ਮਨੁੱਖਤਾ ਸਾਂਝੇ ਤੌਰ ਤੇ ਸਵੀਕਾਰ ਕਰੇ। ਸਥਾਪਤ ਇਨਕਲਾਬਾਂ ਦਾ ਜੇ ਵਕਤੀ ਤੌਰ ਤੇ ਨੁਕਸਾਨ ਹੁੰਦਾ ਹੈ ਤਾਂ ਵਡੇ ਸੱਚ ਲਈ ਇਹ ਨੁਕਸਾਨ ਬਰਦਾਸ਼ਤ ਕਰਨਾ ਚਾਹੀਦਾ ਹੈ, ਜਿਥੇ ਨਾਲਾਇਕੀਆਂ ਹੋਣਗੀਆਂ ਉਥੇ ਨੁਕਸਾਨ ਤਾਂ ਹੋਣਗੇ ਹੀ। ਇਹਦਾ ਇਹ ਮਤਲਬ ਨਹੀਂ ਕਿ ਛਿੱਥੇ ਪੈ ਕੇ ਆਪੇ ਉਹੋ ਜਿਹੀਆਂ ਸ਼ੋਸ਼ਨ ਵਾਲੀਆਂ ਕਾਰਵਾਈਆਂ ਕਰੀਏ ਜਿਨ੍ਹਾਂ ਦੇ ਵਿਰੁਧ ਅਸੀਂ ਲੜਣ ਦੇ ਅਲਮਬਰਦਾਰ ਹਾਂ। ਜੇ ਸਾਨੂੰ ਆਪਣੇ ਸਿਧਾਂਤ ਤੇ ਆਪਣੇ ਸੱਚ ਤੇ ਯਕੀਨ ਹੈ ਤਾਂ ਸਾਨੂੰ ਇਹਨਾਂ ਅਸੂਲਾਂ ਨੂੰ ਮੰਨਣਾ ਚਾਹੀਦਾ ਹੈ। ਅਸੀਂ ਖੱਬੀ ਲਹਿਰ ਵਲੋਂ ਜਮਹੂਰੀ ਹਕਾਂ ਵਾਸਤੇ ਲੜਨ ਵਾਲਿਆਂ ਵਿਚੋਂ ਮੂਹਰਲੀਆਂ ਸਫਾਂ ਵਿਚੋਂ ਹਾਂ ਅਤੇ ਜੇ ਅਸੀਂ ਆਪਣੀ ਸਾਖ (Creditability) ਸਾਰੇ ਲੋਕਾਂ ਵਿਚ ਬਣਾਉਣੀ ਹੈ ਤਾਂ ਸਾਨੂੰ ਆਪਣਾ ਦਾਮਨ ਸਾਫ ਰਖਣਾ ਪਵੇਗਾ ਅਤੇ ਜੁਰਅਤ ਨਾਲ ਹਰ ਸ਼ੋਸ਼ਣ ਦੇ ਵਿਰੁਧ ਖਲੋਣਾ ਪਏਗਾ। ਇਹ ਕੋਈ ਫੋਕਾ ਆਦਰਸ਼ਵਾਦ ਨਹੀਂ ਹੈ। ਮਨੁੱਖੀ ਸਮਾਜ ਵਿਚ ਵਿਚਰਣ ਵਾਲੀ ਵਡੀ ਖੇਡ ਦੇ ਰੂਲ ਹਨ। ਇਹਨਾਂ ਨੂੰ ਅਪਣਾਉਂਦਿਆਂ ਹੋਇਆਂ ਹੀ ਅਸੀਂ ਆਪਣੀ ਮੰਜ਼ਿਲ ਵਲ ਵਧ ਸਕਦੇ ਹਾਂ ਤੇ ਉਹ ਮੰਜ਼ਿਲ ਹੈ ਇਕ ਆਜ਼ਾਦ ਮਨੁਖ ਦੀ ਸਥਾਪਨਾ ਵਾਲਾ ਇਕ ਕਮਿਊਨਿਸਟ ਸਮਾਜ ਜਿਥੇ ਮਨੁਖ ਦੇ ਜਮਹੂਰੀ ਹੱਕਾਂ ਦੀ ਗਰੰਟੀ ਸਾਰਿਆਂ ਨਾਲੋਂ ਉਤਲੀ ਥਾਂ ਰਖੇਗੀ।

## 2. ਸ਼ਬਦਾਂ ਨਾਲ ਅਨਅਰਥ

ਦੋ ਸ਼ਬਦ ਜਿਨ੍ਹਾਂ ਨਾਲ ਸੂਝਵਾਨ ਹਲਕਿਆਂ ਵਿਚ, ਜਿਹੜੇ ਮਾਰਕਸ ਦੀ ਸਮਾਜ ਦੀ ਸਾਇੰਸ ਵਿਚ ਅਟੱਲ ਵਿਸ਼ਵਾਸ਼ ਰਖਦੇ ਹਨ, ਅਨਅਰਥ ਹੋ ਰਿਹਾ ਹੈ, ਉਹ ਹਨ, 'ਸੋਧਵਾਦ' ਅਤੇ 'ਆਦਰਸ਼ਵਾਦ'। ਇਹਨਾਂ ਨੂੰ ਨਿਕ-ਬੁਰਜੂਆ ਸੋਚ ਨਾਲ ਵੀ ਜੋੜ ਦਿਤਾ ਜਾਂਦਾ ਹੈ। ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਸਾਇੰਸ ਦੀ ਸਹੀ ਤੱਰਕੀ ਹੀ ਸੋਧ ਦੇ ਰੂਪ ਵਿਚ ਹੋਈ ਹੈ। ਪਿਛਲੀ ਸਦੀ ਵਿਚ ਮਾਈਕਰੋਸਕੋਪ ਦੀ ਕਿਸੇ ਚੀਜ਼ ਨੂੰ ਵਡਿਆਂ ਕਰਕੇ ਦੇਖਣ ਦੀ ਸਮਰਥਾ 300 ਗੁਣਾ ਸੀ, ਪਰ ਹੁਣ ਉਹੀ ਸੱਮਰਥਾ ਇਲਕਟਰੋਨਿਕ ਮਾਈਕਰੋਸਕੋਪ ਬਣ ਜਾਣ ਕਰਕੇ 3 00 ਕਰੋੜ ਗੁਣਾ ਹੋ ਗਈ ਹੈ। ਬਿਮਾਰੀ ਦੇ ਕਈ ਕਿਟਾਣੂ ਜਿਹੜੇ ਅਗੇ ਮਾਈਕਰੋਸਕੋਪ ਦੀ ਪਕੜ ਵਿਚ ਨਹੀਂ ਸਨ, ਹੁਣ ਬੜੀ ਆਸਾਨੀ ਨਾਲ ਇਹਨਾਂ ਦੀ ਸੂਹ ਲਾਈ ਜਾ ਸਕਦੀ ਹੈ। ਇਸੇ ਤਰ੍ਹਾਂ ਜਿਹੜੇ ਕਿਟਾਣੂ ਅਗੇ ਇਕ ਨੁੱਕਤਾ ਹੀ ਦਿਸਦੇ ਸਨ, ਹੁਣ ਉਹਨਾਂ ਦੇ ਹੱਥ, ਪੈਰ ਤੇ ਸਾਹ ਲੈਣ ਦਾ ਢਾਂਚਾ ਵੀ ਵੇਖਿਆ ਜਾ ਸਕਦਾ ਹੈ। ਇਸ ਦੀ ਰੋਸ਼ਨੀ ਵਿਚ ਡਾਕਟਰੀ ਸਾਇੰਸ ਨੇ ਆਪਣੀ ਪ੍ਰੈਕਟਿਸ ਵਿਚ ਬੜੀਆਂ ਸੋਧਾਂ ਕੀਤੀਆਂ ਹਨ। ਇਸੇ ਤਰ੍ਹਾਂ ਸਮਾਜਕ ਸਾਇੰਸ ਵਿਚ ਕਾਮਰੇਡ ਲੈਨਿਨ ਦੇ ਵੇਲੇ ਸਰਮਾਏਦਾਰੀ ਦਾ ਸਾਮਰਾਜੀ ਦੌਰ ਵਿਚ ਦਾਖਿਲ ਹੋਣ ਦਾ ਸਿਧਾਂਤ ਜਿਸ ਅਨੁਸਾਰ ਵਡੀਆਂ ਜੰਗਾਂ ਦੀ ਸੰਭਾਵਨਾ ਵੇਖੀ ਹੋਈ ਸੀ, ਹੁਣ ਸੋਧ ਮੰਗ ਸਕਦਾ ਹੈ, ਕਿਉਂਕਿ ਨਿਊਟਰਾਨ ਤੇ ਕੈਮੀਕਲ ਬੰਬਾਂ ਦੇ ਹੋਂਦ ਵਿਚ ਆ ਜਾਣ ਕਰਕੇ, ਜਿਸ ਨਾਲ ਕਿਸੇ ਵੀ ਜੰਗ ਵਿਚ ਜਿਤਣ ਵਾਲੀ ਤਾਕਤ ਦੀ ਵੀ ਉਨੀ ਹੀ ਤਬਾਹੀ ਹੋ ਸਕਦੀ ਹੈ ਜਿਤਨੀ ਹਾਰਨ ਵਾਲੇ ਦੀ। ਇਸ ਅਨੁਸਾਰ ਹੁਣ ਸਾਮਰਾਜ ਨੇ ਸਿਧੀ ਜੰਗ ਦੀ ਥਾਂ ਦੂਜੇ ਮੁਲਕਾਂ ਦੇ ਇਜਾਰੇਦਾਰਾਂ ਨਾਲ ਭਾਈਵਾਲੀ ਪਾਕੇ ਅਤੇ ਆਰਥਕ ਤੌਰ ਤੇ ਕਰਜ਼ੇ ਦੇ ਕੇ ਪਛੜੇ ਮੁਲਕਾਂ ਨੂੰ ਆਪਣੀਆਂ ਗੁਲਾਮ ਮੰਡੀਆਂ ਦਾ ਰੂਪ ਬਨਾਉਣ ਦਾ ਰਾਹ ਇਥੇ ਤਿਆਰ ਕਰ ਲਿਆ ਹੈ। ਇਸ ਲਈ ਸੰਘਰਸ਼ ਦੇ ਪੈਂਤੜੇ ਵੀ ਹੋਰ ਹੋਣੇ ਪੈਣਗੇ ਤੇ ਇਸੇ ਲਈ ਸੋਧ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਸੋਧਵਾਦ ਸ਼ਬਦ ਨੂੰ ਨਿਖੇਧਾਤਮਕ ਰੂਪ ਵਿਚ ਵਰਤਨਾ ਸਾਇੰਸ ਨਾਲ ਅਨਅਰਥ ਹੈ, ਅਤੇ ਇਸ ਸਾਇੰਸ ਵਿਚ ਸਮਾਜਕ ਸਾਇੰਸ ਵੀ ਆਂਦੀ ਹੈ। ਇਸੇ ਤਰ੍ਹਾਂ 'ਆਦਰਸ਼ਵਾਦ' ਦਾ ਸ਼ਬਦ ਵੀ ਮਾਰਕਸੀ ਆਲੋਚਨਾਂ ਦੇ ਪ੍ਰਸੰਗ ਵਿਚ ਬੜੇ ਨਿਖੇਧਾਤਮਕ ਰੂਪ ਵਿਚ ਵਰਤਿਆ ਜਾਂਦਾ ਹੈ, ਕੀ ਮਾਰਕਸ ਦੇ ਕੋਈ ਆਦਰਸ਼ ਨਹੀਂ ਸਨ? ਕੀ ਉਹ ਬਿਨਾ ਕਿਸੇ ਆਦਰਸ਼ ਦੇ ਹੀ ਰਾਤਾਂ ਗਾਲਕੇ ਸਮਾਜ ਵਿਚ ਮੇਹਨਤਕਸ਼ ਲੋਕਾਂ ਉਤੇ ਹੋ ਰਹੇ ਸ਼ੋਸ਼ਨ ਦੇ ਕਾਰਨ ਲਭਣ ਦੀ ਘਾਲਣਾ ਕਰਦਾ ਰਿਹਾ ਹੈ? ਸਮਾਜ ਦਾ ਸਾਰਾ ਵਰਤਾਰਾ ਹੀ ਆਦਰਸ਼ਾਂ ਉਤੇ ਆਧਾਰਤ ਹੈ ਤੇ ਸਮਾਜ ਦੀ ਸਾਇੰਸ ਇਸ ਤੋਂ ਕਿਸ ਤਰ੍ਹਾਂ ਮੁਕਤ ਕਹੀ ਜਾ ਸਕਦੀ ਹੈ? ਆਦਰਸ਼ਵਾਦ ਦੀ ਨਿਖੇਧਾਤਮਕ ਧਾਰਨਾ ਨੇ ਹੀ ਸੰਸਾਰ ਭਰਦੇ ਕਮਿਊਨਿਸਟਾਂ ਕੋਲੋਂ ਇਹੋ ਜਿਹੇ ਵਰਤਾਰੇ ਕਰਵਾਏ ਹਨ ਅਤੇ ਬਜਰ ਗਲਤੀਆਂ ਕਰਵਾਈਆਂ ਹਨ ਜਿਸ ਕਰਕੇ ਇਸ ਕਲਿਆਣਕਾਰੀ ਸਿਧਾਂਤ ਨੂੰ ਫੈਲਣ ਵਿਚ ਵਡੀਆਂ ਰੁਕਾਵਟਾਂ ਆਈਆਂ ਬਨ। ਇਹਦਾ ਨੁਕਸਾਨ ਸਮੁੱਚੀ ਮਨੁੱਖਤਾ ਨੂੰ ਹੈ। ਨਹੀਂ ਤਾਂ ਕੋਈ ਵਜਾ ਨਹੀਂ ਕਿ ਸਾਇੰਸ ਦੇ ਇਸ ਯੁੱਗ ਵਿਚ ਹਾਲੇ ਵੀ ਦੁਨੀਆਂ ਦੀ ਆਬਾਦੀ ਭੁੱਖ ਅਤੇ ਕੰਗਾਲੀ ਵਿਚ ਰਹਿਣ ਲਈ ਮਜਬੂਰ ਹੁੰਦੀ, "ਆਦਰਸ਼ਵਾਦ" ਮੱਨੁਖਤਾ ਦਾ ਸਾਰਿਆਂ ਨਾਲੋਂ ਕੀਮਤੀ ਗੁਣ ਹੈ, ਇਹਦੀ ਨਿਖੇਧੀ ਦਾ ਸਿੱਟਾ ਸਿਧਾਂਤ ਨੂੰ ਨੁਕਸਾਨ ਤੋਂ ਬਿਨਾਂ ਕਦੀ ਹੋਰ ਨਹੀਂ ਹੋ ਸਕਦਾ।

## 3. ਕੌਮਾਂਤਰੀਵਾਦ

ਜਨਵਰੀ ਸਮਤਾ (ਨੰਬਰ 20) ਦੀ ਸੰਪਾਦਕੀ ਵਿਚ ਬੋਗਸ 'ਅੰਤਰ ਰਾਸ਼ਟਰ ਵਾਦ' ਬਾਰੇ ਹੇਠ ਲਿਖੀ ਲਿਖਤ

ਸ਼ਾਮਿਲ ਸੀ।

'ਕੀ ਚੰਗਾ ਨਹੀਂ ਹੋਵੇਗਾ ਕਿ ਹਿੰਦੋਸਤਾਨ ਦੀ ਮਜ਼ਦੂਰ ਜਮਾਤ ਬੋਗਸ ਜਹੇ ਅੰਤਰ ਰਾਸ਼ਟਰਵਾਦ ਤੋਂ ਜਲਦੀ ਤੋਂ ਛੁਟਕਾਰਾ ਪਾਵੇ' ਇਕ ਵਿਚਾਰ ਵਟਾਂਦਰੇ ਦੇ ਦਰਮਿਆਨ (ਕੋਟਕਪੂਰਾ ਸਾਹਿਤ ਸਭਾ ਦਾ ਗੋਸ਼ਟੀ ਵਿਚ) ਇਸ ਕਥਨ ਬਾਰੇ ਇਹ ਕਿਹਾ ਗਿਆ ਹੈ ਕਿ ਇਹ ਮਾਰਕਸਵਾਦ ਦੀ ਬੁਨਿਆਦੀ ਧਾਰਾ ਦੇ ਵਿਰੁਧ ਹੈ। ਸੋ ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਸ਼ਬਦ 'ਬੋਗਸ' ਵਰਤਿਆ ਗਿਆ ਹੈ, ਉਹ ਕੌਮਾਤਰੀਵਾਦ ਬੋਗਸ ਹੀ ਹੈ, ਜੋ ਇਸ ਵੇਲੇ ਕਮਿਊਨਿਸਟ ਦੇਸ਼ਾਂ ਦੀਆਂ ਸਰਕਾਰਾਂ ਕਰ ਰਹੀਆਂ ਹਨ। ਕੌਣ ਨਹੀਂ ਜਾਣਦਾ ਕਿ ਇਹ ਰੂਸ ਦੀ ਡਿਪਲੋਮੈਟਿਕ ਮੰਗ ਹੈ ਕਿ ਉਹ ਇੰਦਰਾ ਸਰਕਾਰ ਦੀ ਹਮਾਇਤ ਲਵੇ, ਇਸੇ ਤਰ੍ਹਾਂ ਚੀਨ ਨੂੰ ਜ਼ਿਆਉਲਹੱਕ ਦੀ ਹਮਾਇਤ ਦੀ ਲੋੜ ਹੈ। ਹਿੰਦੋਸਤਾਨ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਪੂਰੀ ਤਰ੍ਹਾਂ ਲੋਕ ਦੋਖੀ ਹਨ। ਅਸੀਂ ਕੌਮਾਂਤਰੀਵਾਦ ਦੇ ਨਾਂਅ ਥਲੇ ਕਮਿਉਨਿਸਟ ਸਰਕਾਰਾਂ ਦੀਆਂ ਉਹਨਾਂ ਸਰਕਾਰਾਂ ਨਾਲ ਦੋਸਤੀ ਦੀਆਂ ਨੀਤੀਆਂ ਦੀ ਇਉਂ ਹਮਾਇਤ ਕੀਤੀ ਏ? ਇਹ ਡਿਪਲੋਮੇਸੀ ਦੀਆਂ ਸ਼ਤਰੰਜੀ ਚਾਲਾਂ ਆਪਣੇ ਹਿੱਤ ਅਨੁਸਾਰ ਪਈਆ ਖੇਡਨ, ਸਾਡੇ ਕੋਲ ਕੋਈ ਠੋਸ ਐਸੀ ਗਲ ਨਹੀਂ, ਜਿਸ ਦੇ ਆਧਾਰ ਤੇ ਅਸੀਂ ਇਹ ਕਹਿ ਸਕੀਏ ਕਿ ਇਹਨਾਂ ਕਮਿਉਨਿਸਟ ਤਾਕਤਾਂ ਵਲੋਂ ਹਿੰਦੋਸਤਾਨ ਦੇ ਇਨਕਲਾਬ ਨੂੰ ਕਿਸੇ ਕਿਸਮ ਦੀ ਮਦਦ ਮਿਲੀ ਹੋਵੇ। ਇਹਨਾਂ ਸਰਕਾਰਾਂ ਦੀਆਂ ਸੰਸਾਰ ਪਧਰ ਤੇ ਕੀਤੀਆਂ ਕਈ ਗਲਤੀਆਂ ਦਾ ਨੁਕਸਾਨ ਹਿੰਦੋਸਤਾਨ ਦੀ ਇਨਕਲਾਬੀ ਲਹਿਰ ਨੂੰ ਹਰ ਵੇਲੇ ਜ਼ਰੂਰ ਉਠਾਣਾ ਪਿਆ ਹੈ। ਮਾਰਕਸਵਾਦ ਦਾ ਸਿਧਾਂਤ ਤਾਂ ਉਸ ਕੌਮਾਂਤਰੀਵਾਦ ਬਾਰੇ ਹੈ, ਜਿਸ ਵਿਚ ਦੁਨੀਆਂ ਭਰ ਦੇ ਮੇਹਨਤਕਸ਼ ਲੋਕ ਆਪਣੇ ਦੇਸ਼ਾਂ ਦੀਆਂ ਹੱਦਾਂ ਤੋੜਦੇ ਹੋਏ ਇਕ ਦੂਜੇ ਦੇ ਮੋਢੇ ਨਾਲ ਮੋਢਾ ਜੋੜਦੀਆਂ ਹਨ। ਹਿੰਦੁਸਤਾਨ ਦੀ ਮਿਹਨਤਕਸ਼ ਜਮਾਤ ਦੇ ਹੱਕਾਂ ਉਤੇ ਛਾਪੇ ਤੇ ਛਾਪਾ ਵਜਦਾ ਗਿਆ, ਪਰ ਅਸੀਂ ਤਾਂ ਕਦੀ ਨਹੀਂ ਸੁਣਿਆਂ ਕਿ ਰੂਸ ਜਾਂ ਹੁਣ ਚੀਨ ਦੀ ਸਰਕਾਰ ਨੇ ਕਦੇ ਕੋਈ ਰੋਸ ਵੀ ਜ਼ਾਹਿਰ ਕੀਤਾ ਹੋਵੇ। ਉਸ ਵੇਲੇ ਇਹ ਸਿਧਾਂਤ ਆ ਜਾਂਦਾ ਹੈ ਕਿ 'ਇਹ ਹੋਰਨਾਂ ਮੁਲਕਾਂ ਦੇ ਅੰਦਰਲੇ ਮਾਮਲੇ ਹਨ' — ਫਾਸ਼ੀਵਾਦ ਦੇ ਵਿਰੁਧ ਸਪੇਨ ਦੀ ਘਰੋਗੀ ਜੰਗ ਵਿਚ (Internatioal brigade) ਦਾ ਜਾਣਾ ਕੌਮਾਂਤਰੀਵਾਦ ਕਿਹਾ ਜਾ ਸਕਦਾ ਹੈ, ਮਜ਼ਦੂਰ ਜਮਾਤ ਨੂੰ ਦੂਣ ਵੀ ਕੌਮਾਂਤਰੀ ਭਾਈਚਾਰੇ ਦੀ ਲੋੜ ਹੈ, ਪਰ ਇਹ ਸਹੀ ਮਾਰਕਸਵਾਦ ਦੀਆਂ ਲੀਹਾਂ ਤੇ ਹੋਣਾ ਚਾਹੀਦਾ ਹੈ। ਬੋਗਸ ਕੌਮਾਂਤਰੀਵਾਦ ਪਛੜੇ ਹੋਏ ਦੇਸ਼ਾਂ ਦੀ ਮਜ਼ਦੂਰ ਜਮਾਤ ਨੂੰ ਖਾਹ-ਮਖਾਹ ਕੁਰਬਾਨੀ ਦਾ ਬਕਰਾ ਬਨਾਉਣ ਤੋਂ ਸਿਵਾ ਹੋਰ ਕੁਝ ਨਹੀਂ। ਕਿਥੇ ਹੈ ਉਹ ਮੰਚ ਜਿਥੇ ਸੰਸਾਰ ਭਰ ਦੇ ਕਮਿਊਨਿਸਟ, 'ਸੰਸਾਰ ਇਨਕਲਾਬ' ਨੂੰ ਨਿਸ਼ਾਨਾ ਮਿੱਥ ਕੇ ਇਕਠੇ ਬੈਠ ਕੇ ਕੋਈ ਪੈਂਤੜਾ ਬਨਾਉਣ?

## 4. ਮਾਰਕਸੀ ਪਾਰਟੀ ਦੀ ਵਿਜੇਵਾੜਾ ਕਾਂਗਰਸ

ਇਸ ਕਾਂਗਰਸ ਵਿਚ ਜੋ ਡਰਾਫਟ ਪ੍ਰੋਗਰਾਮ ਉਲੀਕਿਆ ਗਿਆ ਹੈ, ਉਸ ਬਾਰੇ ਇਕ ਰੀਪੋਰਟ ਕਲਕਤਾ ਤੋਂ ਨਿਕਲਦੇ 'ਮਾਰਕਿਸਟ ਰੀਵੀਊ' ਵਿਚ ਆਈ ਹੈ। ਉਸ ਮੁਤਾਬਿਕ ਕੈਡਰ ਵਲੋਂ ਇਸ ਪ੍ਰੋਗਰਾਮ ਬਾਰੇ ਕੁਝ ਸਵਾਲ ਉਠਾਏ ਗਏ, ਜਿਹੜੇ ਬੜੀ ਮਹੱਤਤਾ ਰਖਦੇ ਹਨ। ਇਹ ਸਵਾਲ ਸਨ —

(ੳ) 1978 ਦੀ ਕਾਂਗਰਸ ਵਿਚ ਮਾਰਕਸੀ ਪਾਰਟੀ ਅੰਤਰ-ਰਾਸ਼ਟਰਵਾਦੀ ਮਸਲਿਆਂ ਬਾਰੇ ਰੂਸ ਅਤੇ ਚੀਨ ਦੋਨਾਂ ਸਰਕਾਰਾਂ ਦੀ ਅਲੋਚਨਾ ਕਰਦੀ ਸੀ ਪਰ ਹੁਣ ਉਸ ਨੇ ਇਹ ਪੁਜ਼ੀਸ਼ਨ ਬਦਲ ਕੇ ਪੂਰੀ ਤਰ੍ਹਾਂ ਰੂਸ ਦਾਂ ਪੱਖ ਲੈ ਲਿਆ ਹੈ। 1978 81 ਦੇ ਦਰਮਿਆਨ ਕਿਹੜੀ ਐਸੀ ਘਟਨਾ ਸੰਸਾਰ ਪੱਧਰ ਤੇ ਵਾਪਰੀ ਹੈ, ਜਿਸ ਨੇ ਪਾਰਟੀ ਨੂੰ ਆਪਣਾ ਨਜ਼ਰੀਆ ਬਦਲਣ ਤੇ ਮਜਬੂਰ ਕੀਤਾ ਹੈ?

(ਅ) ਡਰਾਫਟ ਦੇ ਅਨੁਸਾਰ ਇੰਦਰਾ ਸਰਕਾਰ ਦੀ ਬਦੇਸ਼ੀ ਨੀਤੀ 'ਅਗਾਂਹ ਵਧੂ' ਜਾਂ 'ਲੋਕ-ਪੱਖੀ' ਹੈ ਪਰ ਘਰੇਲੂ ਨੀਤੀ 'ਲੋਕ ਦੋਖੀ' ਹੈ ਇਹੋ ਜਿਹੀ ਪਹੁੰਚ ਅਪਣਾ ਕੇ ਮਾਰਕਸੀ ਪਾਰਟੀ ਹਿੰਦੋਸਤਾਨ ਦੇ ਇਨਕਲਾਬ ਵਿਚ ਕਿਸ ਤਰ੍ਹਾਂ ਕੋਈ ਮਹੱਤਵ ਪੂਰਵ ਹਿੱਸਾ ਪਾ ਸਕਦੀ ਹੈ?

(ੲ) ਮਾਰਕਸੀ ਪਾਰਟੀ ਇਲਾਕਾਈ ਪਾਰਟੀਆਂ ਸਾਂਝ ਦੀ ਨੀਤੀ ਅਪਣਾਈ ਹੈ। ਪੰਜਾਬ ਵਿਚ ਅਕਾਲੀਆਂ ਨਾਲ ਅਤੇ ਤਾਮਿਲਨਾਡੂ ਵਿਚ ਡੀ.ਐਮ.ਕੇ. ਪਾਰਟੀਆਂ ਨਾਲ ਇਹ ਨੀਤੀ ਅਪਣਾਈ ਜਾਂਦੀ ਹੈ ਪਰ ਨਕਸਲਵਾੜੀ ਨਾਲ ਸਬੰਧਤ ਸਾਰੇ ਗਰੁਪਾਂ ਬਾਰੇ ਸਮੁਚੇ ਤੌਰ ਤੇ ਦੁਸ਼ਮਣਾਂ ਵਾਲੀ ਨੀਤੀ ਉਤੇ ਅਮਲ ਕੀਤਾ ਜਾਂਦਾ ਹੈ। ਜਦੋਂ ਕਿ ਇਹ ਮੰਨਿਆਂ ਹੋਇਆ ਸੱਚ ਹੈ ਕਿ ਬਹੁਤ ਸਾਰੇ ਇਲਾਕਿਆਂ ਵਿਚ ਇਹ ਅਨਸਰ ਲੋਕਾਂ ਵਿਚ ਇਨਕਲਾਬੀ ਚੇਤਣਤਾ ਵਧਾਉਣ ਵਿਚ ਮਹਤਵ ਪੂਰਵ ਹਿੱਸਾ ਪਾ ਰਿਹਾ ਹੈ। ਇਸ ਨੀਤੀ ਵਿਚ ਕੀ ਤਰਕ ਹੈ?

ਰੀਪੋਰਟ ਅਨੁਸਾਰ ਇਹਨਾਂ ਸੁਆਲਾਂ ਦਾ ਵਿਆਸਮੇਤ ਜਵਾਬ ਦੇ ਕੇ ਕੇਡਰ ਦੀ ਤਸੱਲੀ ਕਰਵਾ ਦਿਤੀ ਗਈ। ਇਹਨਾਂ ਸਵਾਲਾਂ ਦਾ ਉਠਣਾ ਆਪਣੇ ਆਪ ਵਿਚ ਕਮਿਊਨਿਸਟ ਕੇਡਰ ਦੀ ਅਜ਼ਾਦ ਸੋਚ ਦੀ ਲਖਾਇਕ ਹੈ ਅਤੇ ਇਹ ਇਕ ਸਿਹਤਮੰਦ ਰੁਝਾਨ ਹੈ ਕਿ ਡਿਸਪਲਿਨ ਵਿਚ ਰਹਿ ਕੇ ਹਰ ਇਕ ਸਵਾਲ ਦਾ ਤਰਕਵਾਦੀ ਅਸੂਲਾਂ ਅਨੁਸਾਰ ਜਵਾਬ ਲਿਆ ਜਾਏ।

— ਗੁਰਸ਼ਰਨ ਸਿੰਘ

[ ਨਾਗਾਲੈਂਡ ਵਿਚ ਭਾਰਤੀ ਪੁਲਸ ਤੇ ਫੌਜ ਹਥੋਂ ਢਾਹੇ ਜਾ ਰਹੇ ਅਕਹਿ ਜ਼ੁਲਮਾਂ ਬਾਰੇ ਤਾਂ ਕੁਝ ਜਾਣਕਾਰੀ ਮਿਲ ਜਾਂਦੀ ਹੈ, ਪਰ ਉਥੋਂ ਦੀ ਹਾਲਤ ਬਾਰੇ ਸਿਰਜਣਾਤਮਕ ਸਾਹਿਤ ਹਾਲੀਂ ਉਥੋਂ ਦੀ ਭਾਸ਼ਾ ਤੱਕ ਹੀ ਸੀਮਤ ਸੀ। ਨਾਗਾਲੈਂਡ ਦੀ ਇਕ ਨੌਜਵਾਨ ਕਵਿੱਤਰੀ ਐਸਟਰੀਨ ਕਾਈ ਦੀ ਇਕ ਅੰਗਰੇਜ਼ੀ ਕ੍ਵਿਤਾ ਸਾਨੂੰ ਮਿਲੀ ਹੈ। ਬਹਾਦਰ ਦੇ ਜਜ਼ਬਿਆਂ ਭਰਪੂਰ ਇਸ ਕਵਿਤਾ ਨੂੰ ਪੰਜਾਬੀ ਪਾਠਕਾਂ ਸਾਹਮਣੇ ਪੇਸ਼ ਕਰਨ ਦੀ ਖੁਸ਼ੀ ਅਸੀਂ ਹਾਸਲ ਕਰ ਰਹੇ ਹਾਂ।) ਅਨੁਵਾਦਕ – (ਏਥੇ ਇਹ ਵੀ ਚੇਤੇ ਕਰਵਾਉਣਾ ਵਾਜਬ ਹੋਵੇਗਾ ਕਿ ਨਾਗਾਲੈਂਡ ਵਿਚ ਦਾਖਲ ਹੋਣ ਲਈ ਕਿਸੇ ਵੀ ਹਿੰਦੁਸਤਾਨੀ ਜਾਂ ਨਾਗਾਲੈਂਡ ਦੇ ਵਾਸੀ ਤੱਕ ਨੂੰ ਭਾਰਤੀ ਫੌਜ ਕੋਲੋਂ ਪਰਵਾਨਾ ਹਾਸਲ ਕਰਨਾ ਪੈਂਦਾ ਹੈ। ]

o ਇਕ ਨਾਗਾ ਕਵਿਤਾ –

## ਐਸਟਰੀਨ ਕਾਈ

o

# ਕੀਚਾਓ ਕੇਵੀਰਾ

(ਜ਼ਿੰਦਗੀ ਹੁਸੀਨ ਹੈ ਜਿਥੇ)

ਕਾਲੀ ਰਾਤੀਂ ਲਿਆਏ ਉਹ ਆਪਣੇ
ਸ਼ਹੀਦਾਂ ਨੂੰ
ਆਪਣੇ ਗਰਵੀਲੇ ਯੋਧਿਆਂ ਨੂੰ ਆਪਣੇ ਬੇਹੱਦ ਬਹਾਦਰੀ
ਯੋਧਿਆਂ ਨੂੰ
ਦੇਵਤਿਆਂ ਦੇ ਪਿਆਰੇ ਬਹਾਦਰਾਂ ਨੂੰ
ਦੁਆਉਣ ਲਈ ਅਰਾਮ ਲਿਆਏ ਉਹ
ਮੁਸੀਬਤਾਂ ਭਰੇ ਅਸਮਾਨ ਹੇਠ ਤੇ ਜੰਗਾਂ ਭਰੀ ਧਰਤੀ ਤੇ
ਕਿ ਖਤਮ ਕੀਤੀ ਧਰਤ ਦਾ ਕੋਈ ਕੋਨਾ
ਹਮੇਸ਼ਾ ਰਹੇ ਨਾਗਾਲੈਂਡ
ਰਹੇ ਹਮੇਸ਼ਾ ਨਾਗਾਲੈਂਡ

ਉਨ੍ਹਾਂ ਵਿਚੋਂ ਸੀ ਇਕ
ਜਿਸ ਲਈ ਦੁਨੀਆਂ ਨਹੀਂ ਸੀ
ਰਹਿਣ ਕਾਬਲ
ਲੋਹਾ ਖੁਭਿਆ ਜਦ ਉਸ ਦੇ ਮਾਸ ਅੰਦਰ
ਉਹ ਰਿਹਾ ਅਡੋਲ
ਅਤੇ ਗੱਡ ਲਿਆ ਖੁਦ ਨੂੰ ਹੇਠਾਂ ਕੋਮਲ ਧਰਤੀ ਵਿਚ
ਕੋਮਲ ਧਰਤੀ ਵਿਚ
ਪਰ ਉਹ ਨਹੀਂ ਚੀਕਿਆ ਇਕ ਵੀ ਵਾਰ
ਨਾ ਚੀਕਿਆ ਨਹੀਂ ਉਹ ਇਕ ਵੀ ਵਾਰ

ਸੁਨਹਿਰੀ ਖੇਤ, ਛੱਡ ਦਿਤੇ ਉਨ੍ਹਾਂ
ਬਿਨਾਂ ਬੀਜੇ-ਵਾਹੇ
ਲਹੂ ਵਗਿਆ ਝਰਨੇ ਵਾਂਗਰਾਂ ਤੇ
ਮਿਲ ਗਿਆ ਵਿਚ ਮੀਂਹਾਂ ਦੇ
ਕੁਆਰੀ ਧਰਤ ਰਗੀ ਉਸ ਨਾਲ ਦਾਗੀ
ਵਾਂਗ ਹਜ਼ਾਰਾਂ ਦਾਗੀ ਸ਼ਾਮਾਂ ਦੇ
ਖੜਕਾਉਂਦਿਆਂ ਸ਼ਾਮ ਦੇ ਅਕਾਸ਼ ਨੂੰ
ਨੀਲੀ ਪਿੱਠ ਤੇ ਨੀਲੀਆਂ ਪਹਾੜੀਆਂ
ਨੀਲੀਆਂ ਨੀਲੀਆਂ ਪਹਾੜੀਆਂ

ਉਹਨਾਂ ਦੇ ਦਿਲ ਸੀ ਗਏ ਗਮ ਧਰਨਾਏ
ਫਸਲ ਦੀ ਸੁਣਨ ਲਈ ਆਵਾਜ਼
ਕੁਆਰੀਆਂ ਬੰਦ ਕੀਤੇ ਗੀਤ ਤੇ
ਪਾਏ ਵੈਣ ਬਹਾਦਰਾਂ ਲਈ
ਅਤੇ ਟੁਟੇ ਹੋਏ ਲੋਕਾਂ ਪਿਛੇ ਤੁਰੀਆਂ ਚੁਪ ਚਾਪ
ਜਿਨ੍ਹਾਂ ਭੂਆ ਲਈ ਪਿੱਠ,
ਬਲਦੇ ਇਕ ਪਿੰਡ ਤੋਂ
ਤੇ ਤੁਰ ਗਏ ਹੌਲੇ ਜਿਹੇ।

ਕੁਝ ਰਹਿੰਦੇ ਸਨ ਬਦੇਸ਼ੀਂ ਧਰਤਾਂ ਤੇ
ਜਿਹੜੇ ਹਾਲੀਂ ਵੀ ਗਾਉਂਦੇ ਸਨ
"ਕੀਚਾਓ ਕੇ ਵੀਰਾ"
ਜਦ ਕਿ ਉਹਦੇ ਖੇਤ ਪਏ ਸਨ ਵੀਰਾਨ ਤੇ ਉਜਾੜ
ਉਹਦੇ ਗੀਤ ਕੁਰਬਾਨ ਹੋ ਗਏ ਹਨੇਰੀ ਸਾਹਵੇਂ
ਉਹਦੇ ਯੋਧੇ ਕੁਰਬਾਨ ਹੋ ਗਏ ਮਹਾਨ ਕਾਜ ਲਈ
ਉਹਨਾਂ ਮਸਲ ਦਿਤੀਆਂ ਉਸ ਦੀਆਂ ਸ਼ਾਂਤ ਪਹਾੜੀਆਂ
ਅਤੇ ਨਚੋੜ ਲਈ ਜਿੰਦ ਉਸ ਵਿਚੋਂ
ਅਤੇ ਧੋ ਲਏ ਆਪਣੇ ਗੁਨਾਹ ਉਸਦੇ ਲਹੂ ਵਿਚ
ਧੋ ਲਏ ਆਪਣੇ ਗੁਨਾਹ ਉਸਦੇ ਲਹੂ ਵਿਚ

[ ਅਨੁਵਾਦ – 'ਗੋਸ਼ੂਚੇ'

# ਕੁਝ ਗੀਤ. ਕੁਝ ਕਵਿਤਾਵਾਂ

ਸਾਹਿਤ ਦੇ ਸਾਰੇ ਰੂਪਾਂ ਵਿਚੋਂ ਕਵਿਤਾ ਰਚਣਹਾਰੇ ਦੀ ਸੋਚਣੀ ਜਾਂ ਜਜ਼ਬਿਆਂ ਦਾ ਸਾਰਿਆਂ ਨਾਲੋਂ ਸੱਚਾ ਪ੍ਰਗਟਾਵਾ ਹੁੰਦਾ ਹੈ । ਇਸ ਅੰਕ ਵਿਚ ਦਿਤੀਆਂ ਇਹ ਕਵਿਤਾਵਾਂ ਸਾਡੇ ਸਥਾਪਤ ਕਵੀਆਂ ਵਲੋਂ ਵੀ ਹਨ ਅਤੇ ਐਸੇ ਵਿਅਕਤੀਆਂ ਵਲੋਂ ਵੀ ਹਨ, ਜਿਨ੍ਹਾਂ ਦਾ ਨਾਂ ਉਹਨਾਂ ਦੇ ਅਪਣੇ ਨਜ਼ਦੀਕੀ ਹਲਕਿਆਂ ਤੋਂ ਬਾਹਰ ਨਹੀਂ ਜਾਣਿਆ ਜਾਂਦਾ ਹੋਣਾ । ਇਹਨਾਂ ਕਵਿਤਾਵਾਂ ਵਿਚ ਜਿਥੇ ਸਮੇਂ ਦੀ ਸਹਿਕਦੀ ਜ਼ਿੰਦਗੀ ਦੇ ਕੌੜੇ ਸੱਚ ਰੂਪਮਾਨ ਹਨ, ਉਥੇ ਕੁਝ ਐਸੇ ਦੁੱਖ ਭਰੇ ਇਕਬਾਲ ਵੀ ਹਨ ਜੋ ਸਾਨੂੰ ਸ਼ਰਮਸਾਰ ਕਰਦੇ ਹਨ । ਜ਼ਿੰਦਗੀ ਸਹਿਕਦੀ ਰਹੀ, ਤੜਪਦੀ ਰਹੀ ਤੇ ਅਸੀਂ ਸੰਘਰਸ਼ੀਲ ਲੋਕਾਂ ਨੇ ਐਸੇ ਵਿਵਾਦ ਛੇੜੀ ਰੱਖੇ, ਜਿਨ੍ਹਾਂ ਦਾ ਸਹਿਕਦੀ ਜ਼ਿੰਦਗੀ ਨਾਲ ਕੋਈ ਸਰੋਕਾਰ ਨਹੀਂ ਸੀ । ਇਹ ਕਵਿਤਾਵਾਂ ਜਿਥੇ ਕੁਝ ਦਿਲਾਂ ਵਿਚ ਮਾਯੂਸੀ ਲਿਆਂਦੀਆਂ ਹਨ ਉਥੇ ਹੋਨਰਾਂ ਨੂੰ ਹੋਰ ਸਿਆਣਾ ਹੋ ਕੇ ਸੰਘਰਸ਼ ਲਈ ਵੀ ਪ੍ਰੇਰਦੀਆਂ ਹਨ । ਆਖਰ ਅਸੀਂ ਪੁਲ ਬਣਕੇ ਹੀ ਸੁਕਦੀਆਂ ਨਦੀਆਂ ਨੂੰ ਆਪਣੇ ਥਲਿਓਂ ਨਹੀਂ ਲੰਘਾ ਦੇਣਾ । ਸਮੇਂ ਦੀ ਚਣੌਤੀ ਨੂੰ ਸਵੀਕਾਰ ਕਰਕੇ ਹੀ ਅਸੀਂ ਜ਼ਿੰਦਗੀ ਨਾਲ ਇਨਸਾਫ ਕਰ ਸਕਾਂਗੇ ।

— ਸੰਪਾਦਕ

## ਦਿਹਾੜੀਦਾਰ

o

ਹਮਦਰਦਵੀਰ ਨੌਸ਼ਹਿਰਵੀ

ਮੈਂ ਫੈਲਿਆ ਹੋਇਆ ਚੌਰਾਹਿਆ ਹਾਂ
ਕੋਈ ਵੀ ਗੁਜ਼ਰ ਸਕਦਾ ਹੈ
ਸੁੰਘ ਕੇ ਸੁੱਟਿਆ ਹੋਇਆ ਫੁੱਲ ਹਾਂ
ਕੋਈ ਵੀ ਮਸ਼ਲ ਸਕਦਾ ਹੈ ।
ਪਗਡੰਡੀਆਂ ਘੱਟਾ ਹਾਂ —
ਕੋਈ ਮਿੱਧ ਸਕਦਾ ਹੈ ।
ਬੇਰੀ ਨਾਲ ਅੜੀ ਲੀਰ ਹਾਂ —
ਕੋਈ ਵੀ ਪਾਟੇ ਗਿੱਟੇ ਉਤੇ ਬੰਨ ਕੇ
ਪਲ ਸੁੱਖ ਦਾ ਸਾਹ ਲੈ ਸਕਦਾ ਹੈ ।
ਗੰਦ ਦੇ ਢੇਰ ਉਤੇ ਪਿਆ ਪੁਰਾਣਾ ਕਮੀਜ਼ ਹਾਂ,
ਜੋ ਕਿਸੇ ਤੀਵੀਂ ਦੀ ਪੱਤ ਨਹੀਂ ਢੱਕ ਸਕਦਾ ।
ਮੇਰਾ ਨਾ ਜਮਣਾ ਕੁਦਰਤੀ ਹੈ
ਨਾ ਜਿਉਣਾ ਕੁਦਰਤੀ
ਨਾ ਸਿਰ ਉੱਤੇ ਅਸਮਾਨ ਆਪਣਾ
ਨਾ ਪੈਰਾਂ ਹੇਠ ਧਰਤ ਆਪਣੀ ।
ਮੈਂ ਤਾਂ ਵਿਕਾਊ ਮਾਲ ਹਾਂ
ਪਰਾਈ ਧਰਤ ਉਤੇ ਪਰਾਏ ਡੰਗਰ ਚਾਰਦਿਆਂ
ਬਿਤਾਈ ਬਚਪਨ ਦੀ ਅਉਧ ਸਾਰੀ
ਮੈਂ ਤਾਂ ਵਿਕਾਊ ਮਾਲ ਹਾਂ
ਕੁਝ ਦਿਹਾੜੀਆਂ ਲਈ ਕੋਈ ਖਰੀਦ ਲਵੇ ਤਾਂ
ਪੇਟ ਵਿਚ ਉਠਦੀ ਹੈ ਰਬ ਦੀ ਸ਼ੁਕਰ ਗੁਜ਼ਾਰੀ ।
ਉਹ ਤਾਂ ਚੌਦਾਂ ਸਾਲ ਲਈ ਗਿਆ ਬਨਵਾਸ
ਦਿਲ ਵਿਚ ਸੀ ਮੁੜਨ ਦੀ ਆਸ,
ਮੈਂ ਤੁਰਦਾ ਹਾਂ ।
ਪਿਛੇ ਪਿਛੇ ਮਿਟਦੇ ਜਾਂਦੇ ਹਨ ਮੇਰੇ ਪੈਰ ਚਿੰਨ੍ਹ ।
ਕਿਤੇ ਮੈਂ ਖੱਚਰਾਂ ਉਤੇ ਲੱਦੀਆਂ
ਮੰਜੀਆਂ, ਪੀਹੜੀਆਂ, ਵਾਣ, ਸਿਲਵਰ ਦੇ ਪਤੀਲੇ ਤੇ
ਬੁਝੀਆਂ ਲਾਲਟੈਨਾਂ
ਦੇ ਪਿਛੇ ਪਿਛੇ ਤੁਰਦਾ ਹਾਂ ।
ਨਹਿਰ ਪੁਟੀਦੀ ਜਾ ਰਹੀ ਹੈ
ਨਾਲ ਨਾਲ ਹੀ ਮੈਂ ਕਹੀ ਗੈਂਤੀ ਲਈ
ਰੀਂਗਦਾ ਜਾਂਦਾ ਹਾਂ ।
ਕਿਤੇ ਮੈਂ ਆਪਣੀਆਂ ਜੁੱਲੀਆਂ ਕੜੀਆਂ ਕੌਲੀਆਂ ਵੇਚਕੇ,
ਪਾਸਪੋਰਟ ਲੈ ਕੇ
ਚੋਗੇ ਦੀ ਭਾਲ ਵਿਚ
ਸਮੁੰਦਰ ਪਾਰ ਕਰਨ ਲਈ ਉਠਦਾ ਹਾਂ
ਪਰ ਮੰਝਧਾਰ ਦੇ ਕਿਸੇ ਬੇ ਅਬਾਦ ਟਾਪੂ ਉਤੇ
ਉਤਾਰ ਦਿੱਤਾ ਜਾਂਦਾ ਹਾਂ
ਪਰ ਕੱਟੇ ਪੰਛੀ ਵਾਂਗ ।
ਜਾਅਲੀ ਫਟੇ ਯਾਤਰਾ ਕਾਗਜ਼ ਖੋਹ ਜਾਂਦੇ ਨੇ
ਸਮੁੰਦਰ ਦੀਆਂ ਛੱਲਾਂ ਵਿਚ ।
ਕਦੀ ਜੇ ਮੈਂ ਲੱਗ ਵੀ ਜਾਂਦਾ ਹਾਂ ਕਿਸੇ ਕਿਨਾਰੇ
ਤਾਂ ਇੰਜ ਲਗਦਾ ਹੈ
ਜਿਵੇਂ ਕਿਸੇ ਥਲੀ ਪੌਦੇ ਨੂੰ ਪੁੱਟ ਕੇ ਜੜੋਂ
ਗੱਡ ਦਿੱਤਾ ਹੋਏ ਕਿਸੇ ਬਰਫਾਨੀ ਪਹਾੜ ਦੀ ਟੀਸੀ ।
ਪਰਾਈ ਧਰਤੀ ਉਤੇ ਟੰਗਿਆ
ਇਹ ਪਰਵਾਸੀ ਪੌਦਾ
ਬੇਬੁਸ ਦੇਹ ਏਥੇ
ਮਨ ਪਿਛੇ ਪਿੰਡ ਭਟਕ ਰਿਹਾ ਹੈ
ਪਰਾਈ ਹਵਾ ਵਿਚ ਦਮ ਘੁਟ ਰਿਹਾ ਹੈ
ਪਰ ਆਪਣੀ ਹਵਾ ਕਿਹੜੀ ਹੈ ?
ਸਦੀਆਂ ਤੋਂ ਛੇਕੇ ਅਸੀਂ
ਤੁਹਾਡੇ ਸਮਾਜਵਾਦ ਵਿਚ ਵੀ ਛੇਕੇ ਰਹੇ

ਧਰਤੀ ਦੇ ਇਕ ਇਕ ਇੰਚ ਦੀ ਰਖਿਆ ਲਈ
ਮਰ ਜਾਣ ਵਾਲੇ ਤੁਸੀਂ, ਪੁਰਜ਼ਾ ਪੁਰਜ਼ਾ ਕੱਟ ਕੇ
ਰਾਜਧਾਨੀ ਵਿਚ ਖਾਂਦੇ ਰਹੇ ਸੇਬ –
ਫਰਿਜ ਵਿਚੋਂ ਕੱਢ ਕੱਢ ਕੇ, ਕੱਟ ਕੱਟ ਕੇ
ਪੀਂਦੇ ਰਹੇ ਬਦੇਸ਼ੀ ਮੁਦਰਾ
ਵੇਖਦੇ ਰਹੇ ਸੁਦੇਸ਼ੀ ਮੁਜਰਾ
ਅਸੀਂ ਸਰਹੱਦਾਂ ਉਤੇ ਮਰਦੇ ਰਹੇ ਕਟ ਕੱਟਕੇ
ਆਪਣੇ ਸਾਹਿਬਜ਼ਾਦਿਆਂ ਤੇ ਕੁਤਿਆਂ ਦੇ ਨਾਮ
ਮੁਰੱਬੇ ਲਗਵਾ ਲੈ
ਸ਼ਹਿਰੀ ਪਲਾਂਟ ਕਟਵਾ ਲੈ
ਸਰਹੱਦਾਂ ਉਤੇ ਅਸੀਂ ਇਕ ਇਕ ਇੰਚ ਧਰਤੀ ਦੀ
ਆਬਰੂ ਖਾਤਰ ਮਰਦੇ ਰਹੇ
ਪੁਰਜ਼ਾ ਪੁਰਜ਼ਾ, ਕੱਟ ਕੱਟ ਕੇ।
ਮੈਂ ਖਿਲਰ ਗਿਆ ਹੋ ਕੇ
ਚੀਣਾ ਚੀਣਾ, ਖੰਡ ਖੰਡ, ਜ਼ੱਰਾ ਜ਼ੱਰਾ ।
ਚਾਹਿਆ ਸੀ ਬਨਣਾ –
ਨਾ ਦਰਵੇਸ਼; ਨਾ ਦਾਨਵ
ਨਾ ਦਾਨੀ, ਨਾ ਮਹਾਂ ਮਾਨਵ
ਮਾਨਵ, ਸਿਰਫ ਮਾਨਵ ।
ਨਾ ਚਸ਼ਮਾ – ਨਾ ਲਾਵਾ,
ਨਾ ਦਰਿਆ – ਨਾ ਸਮੁੰਦਰ
ਸਿਰਫ ਖੂਹ ਦਾ ਪਾਣੀ
ਪਰ ਖੂਹ ਹੋਵੇ ਆਪਣੀ ਧਰਤੀ ਉਤੇ !!
ਮੈਨੂੰ ਨਹੀਂ ਚਾਹੀਦੀ
ਤੁਹਾਡੀ ਦੁਨੀਆਂ ਦੀ ਸਭ ਤੋਂ ਵਡੀ ਜਮਹੂਰੀ ਸਰਜ਼ਮੀਨ
ਜਿਥੇ ਮੈਂ ਰੋਜ਼ ਖੁਦਕਸ਼ੀ ਕਰਨ ਲਈ ਮਜਬੂਰ ਹੋਵਾਂ।
ਤੁਹਾਡੇ ਨਗਰਾਂ ਮਹਾਂ ਨਗਰ ਵਿਚ
ਮੇਰੇ ਲਈ ਕੀ ਹੈ ? –
ਸਲੱਮਜ਼ !
ਗੰਦੇ ਨਾਲੇ ਉਤੇ
ਚਿਤਾ ਜਿੰਨੀ ਥਾਂ !
ਪਿੰਜਰੇ ਜਿੰਨੀ ਥਾਂ ਦੇ ਕੇ,
ਗੁਲਾਮ ਬਣਾ ਕੇ ਮੈਨੂੰ
ਅਹਿਸਾਨ ਲਈ ਸ਼ੁਕਰੀਆ ਉਡੀਕਦੇ ਹੋ ?
ਘਿਰਣਾ ਦਾ ਪਾਤਰ ਬਣਾ ਕੇ
ਮੇਰੇ ਪਾਸੋਂ
ਸਭਯ ਸਾਊ ਭਾਸ਼ਾ ਦੀ ਆਸ ਰਖਦੇ ਹੋ ?
ਬਿਰਖ ਨਾਲੋਂ ਟੁੱਟੀ ਟਾਹਣੀ ਦੀ ਖਾਲੀ ਥਾਂ
ਬਿਰਖ ਦੀ ਉਮਰ ਨਾਲ ਨਿਭਦੀ ਹੈ –
ਤੁਸੀਂ ਤਾਂ ਮੈਨੂੰ ਇੰਝ ਮਨਫੀ ਕਰ ਦਿਤਾ
ਜਿਵੇਂ ਮੈਂ ਧਰਤੀ ਉਤੇ ਨਹੀਂ
ਸਲੇਟ ਉਤੇ ਪਿਆ ਇਕ ਧੱਬਾ ਹੋਵਾਂ ।

[ਮੈਂ ਜ਼ਮੀਨ ਨਹੀਂ
ਫੁਟਪਾਥ ਹਾਂ,
ਜਿਹੜੇ ਸਰਦੀਆਂ ਵਿਚ ਠਰਦੇ
ਗਰਮੀਆਂ ਵਿਚ ਸੜਦੇ
ਇਹਨਾਂ ਫੁੱਟਪਾਥਾਂ ਉਤੇ ਪਿਆ ਮੈਂ
ਮੈਂ ਸੜਦਾ ਹਾਂ – ਮਰਦਾ ਹਾਂ ।]
ਅਸੀਂ ਹਾਂ ਮੁੜ੍ਹਕੇ ਦੀਆਂ
ਨਿੱਕੀਆਂ ਨਿੱਕੀਆਂ ਬੂੰਦਾਂ
ਤੇ ਤੁਸੀਂ ਹੋ ਕਣਕ ਦੇ ਦਾਣੇ –
ਗੋਰੇ ਗੋਰੇ ਤੇ ਮੋਟੇ ਮੋਟੇ ।
ਅਸੀਂ ਤੁਹਾਡੀਆਂ ਪੈਲੀਆਂ ਦਾ ਘੱਟਾ ਹਾਂ, ਘਾਹ ਹਾਂ ।
ਜੋ ਝਾੜਨ ਤੇ ਪੁਟਣ ਤੇ
ਫੇਰ ਉਗ ਆਉਂਦੇ ਹਾਂ ।
ਸਾਡਾ ਹੀ ਮੁੜ੍ਹਕਾ ਇਸ ਘੱਟੇ ਨੂੰ ਝਾੜਦਾ ਹੈ
ਸਾਡੀਆਂ ਹੀ ਰੰਬੀਆਂ ਇਸ ਘਾਹ ਨੂੰ ਪੁੱਟਦੀਆਂ ਨੇ
ਬੜੇ ਬੇਸ਼ਰਮ ਹਾਂ ਅਸੀਂ ।
ਅਧੀ ਰਾਤ ਮੁੜਦੇ ਹਾਂ
ਕਿਸੇ ਸੁੰਨਸਾਨ ਚੌਰਾਹਿਆ ਵਲ
ਖਾਲੀ ਬਾਟੀਆਂ
ਨੰਗੇ ਥੱਕੇ ਪੈਰ
ਝਿੜਕਾਂ ਭਰੀਆਂ ਖਾਲੀ ਅੱਖਾਂ
ਉਦਾਸੀ ਤੇ ਬੇਬਸੀ ਦਾ ਆਲਮ ।
ਸਵੇਰੇ ਉਠ ਕੇ ਫੇਰ ਤੁਰ ਪੈਂਦੇ ਹਾਂ
ਬੜੇ ਬੇਸ਼ਰਮ ਹਾਂ ਅਸੀਂ ।

o

## ਕੰਧੀਂ ਕੱਚੀਆਂ ਤੇ ਕਲਹਰੀਆਂ

o

ਸ਼ਹਰਯਾਰ

(ਸਮਤਾ 21 ਵਿਚ ਛਪੀ ਸੁਖਵੰਤ ਕੌਰ ਮਾਨ ਦੀ, ਇਸੇ ਨਾਂ ਦੀ ਕਵਿਤਾ ਦਾ ਗੀਤ-ਰੂਪਾਂਤਰਣ)।

ਕੰਧਾਂ ਕੱਚੀਆਂ, ਹਨੇਰੀਆਂ 'ਚ ਰੋਣ ਖੋਲੀਆਂ
ਇਹਨਾਂ ਖੋਲੀਆਂ ਚੋਂ ਰਾਤਾਂ ਕਾਲੀਆਂ ਤੇ ਬੋਲੀਆਂ
ਇੰਝ ਲੰਘ ਲੰਘ ਜਾਣ
ਜਿੱਦਾਂ ਨੱਚਦੇ ਮਸਾਣ
ਜਿੱਦਾਂ ਬੱਦਲਾਂ ਨੂੰ ਚੀਰ ਪੈਂਦੇ, ਕਾਲੇਜਾ ਡਰੇ
ਨੇਰੀ ਕਾੜ ਕਾੜ ਕਾੜ ਰੁੱਖ ਤੋੜਦੀ ਫਿਰੇ
ਕੰਧਾਂ ਕੱਚੀਆਂ, ਤਰੇੜਾਂ ਡੂੰਘੀਆਂ ਤੇ ਲੰਮੀਆਂ
ਜਿਨ੍ਹਾਂ ਫਾਕੜੇ, ਲਿੱਓੜ, ਲੂਹਰੀਆਂ ਨੇ ਜੰਮੀਆਂ
ਮਿੱਟੀ ਟੋਬੇ ਦੀ ਡਰਾਵੇ

ਭੰਤੋ ਤੂੜੀ 'ਚ ਰਲਾਵੇਂ
ਕੱਚੀ ਕੰਧ ਨਾ੍ਹੇਂਵਰਾਟਿਆਂ ਦਾ ਜ਼ੋਰ ਝੱਲਦੀ,
ਏਥੇ ਨਿੱਕੀ ਮੋਟੀ ਲਿੰਬਾ-ਪੋਚੀ, ਕੀਕੂੰ ਚੱਲਦੀ
ਕੰਧਾਂ ਕੱਚੀਆਂ ਤੇ ਛੱਜੀਂ ਖਾਰੀਂ ਮੋਘਲਾ ਵਰ੍ਹੇ
ਨ੍ਹੇਰੀ ਛੱਤੋਂ ਪਈ ਉਡਾਵੇ ਕੰਧਾਂ ਖੋਰਦੀ ਫਿਰੇ
ਕਿਹੜਾ ਸੁਣੇਗਾ ਕਹਾਣੀ
ਭੰਤੋ ਕੂਕਦੀ ਨਿਮਾਣੀ
ਇਹਨਾਂ ਮੌਸਮਾਂ ਨੂੰ ਬੰਦੇ ਦੀ ਤਾਸੀਰ ਨਾਲ ਕੀ
ਭੰਤੋ ਮੌਸਮਾਂ ਨੂੰ ਤੇਰੀ ਤਕਦੀਰ ਨਾਲ ਕੀ

o

## ਉਨਾ ਪਲਾਂ ਦਾ ਕੀ ਬਣਿਆ

### ਭੂਪਿੰਦਰ

ਉਨਾ ਪਲਾਂ ਦਾ ਕੀ ਬਣਿਆ
ਪਲ ਜੋ ਅਸੀਂ ਪੁਲ ਬਣਿਆਂ ਹੀ ਗੁਜ਼ਾਰ ਦਿੱਤੇ —
ਸੁਕਦੀ ਨਦੀ ਅੱਗ ਦੀ
ਵਗਦੀ ਰਹੀ ਪੈਰਾਂ ਤਲੇ
ਤੇ ਸਿਰ ਤੇ ਭੁਜਦਾ ਰਿਹਾ ਹਾਦਸਿਆਂ ਦਾ ਜੰਗਲ
ਅੰਦਰ ਤਪਦਾ ਮਾਰੂਥਲ ਸੀ
ਜਾਂ ਕੁਝ ਸਾਥੀਆਂ ਦੇ
ਅਤੀਤ ਦੇ ਹਨੇਰੇ 'ਚ ਗੁਆਚੇ ਨਕਸ਼
ਕੁਝ ਸਾਥੀ ਸਨ
ਮਸਖਰੇ ਬਣੇ ਪੁਲਾਂ ਤੱਕ ਆਏ
ਆਏ ਤੇ ਪਰਤ ਗਏ
ਆਪਣੀਆਂ ਆਪਣੀਆਂ ਕਬਰਾਂ 'ਚ
ਤੇ ਸਟੋਵ ਨਾਲ ਜਲਦੀ ਔਰਤ ਦਾ
ਚਿਹਰਾ ਵੇਖ ਤ੍ਰਭਕ ਤ੍ਰਭਕ ਉਠਦੇ।
ਤੇ ਕੁਝ ਦੁਬਿਧਾ ਦੀ ਸੂਲੀ ਤੇ
ਲਟਕਦੇ ਰਹੇ।
ਇਹ ਸੋਚਕੇ ਕਿ
ਸੂਲੀ ਤੇ ਟੰਗਿਆ ਹਰ ਮਨੁੱਖ
ਈਸਾ ਬਣੇਗਾ !
ਤੇ ਉਹ ਜੋ ਪਾਰ ਲੰਘੇ
ਨਾ ਦੇਵ ਬਣੇ ਨਾ ਦਾਤਾਰ
ਇਤਿਹਾਸ ਦੇ ਪੰਨਿਆਂ ਤੇ ਫੈਲ ਗਏ।
ਅਸੀਂ ਜੋ ਸਿਰਫ
ਪੁਲ ਹੀ ਬਣਕੇ ਰਹਿ ਗਏ
ਆਪਣੀ ਹੀ ਸਵੈ ਜੀਵਨ ਦੇ ਪੰਨਿਆਂ ਤੇ
ਪ੍ਰਸ਼ਨ-ਚਿੰਨ ਬਣ ਉਕਰ ਆਏ ਹਾਂ
ਕਿ ਉਨਾ ਪਲਾਂ ਦਾ ਕੀ ਬਣਿਆ
ਪਲ ਜੋ ਅਸੀਂ ਪੁਲ ਬਣਿਆਂ ਹੀ ਗੁਜ਼ਾਰ ਦਿੱਤੇ ???

o

ਪੋਸਟਰ ਕਵਿਤਾ —

## ਸਾਂਝਾ ਬਿਆਨ

### ਮਿੰਦਰਪਾਲ ਭੱਠਲ

ਪੈਟਰੋਲ ਪੰਪਾਂ ਉਤੇ ਖਾਲੀ ਢੋਲੀਆਂ ਵਾਂਗ
ਖੜਕਦੇ ਹੋਏ ਖਾਲੀ ਢਿੱਡਾਂ !
ਅਜ ਕਲ ਅਸੀਂ ਬੜੇ ਬਿਜ਼ੀ ਹਾਂ
ਜਦੋਂ ਸਾਨੂੰ ਥੋੜਾ ਜਿਹਾ ਵੀ ਸਮਾਂ ਮਿਲਿਆ
'ਅਸੀਂ' ਤੁਹਾਨੂੰ ਜ਼ਰੂਰ ਮਿਲਾਂਗੇ,
— — —
ਅੱਜ ਕੱਲ ਅਸੀਂ ਬਿਜ਼ੀ ਹਾਂ
ਮਸਲਨ ਸਾਨੂੰ ਸੋਚਣਾ ਪੈ ਰਿਹਾ ਹੈ ਕਿ
ਤੇਲ ਬੰਦ ਹੋ ਜਾਣ ਦਾ ਕਾਰਨ
ਕਿਤੇ ਈਰਾਨ ਦੀ ਘਰੋਗੀ ਜੰਗ ਤਾਂ ਨਹੀਂ।
ਸਾਨੂੰ ਘੋਖਣੇ ਪੈ ਰਹੇ ਹਨ
ਚੀਨ ਵਲੋਂ ਵੀਅਤਨਾਮ ਤੇ ਕੀਤੇ ਹਮਲੇ ਦੇ ਕਾਰਨ।
— ਸਾਨੂੰ ਗੰਭੀਰਤਾ ਨਾਲ ਵਿਚਾਰਨੀ ਪੈ ਰਹੀ ਹੈ
ਅਫਗਾਨਿਸਤਾਨ ਵਿਚ ਰੂਸ ਵੱਲੋਂ ਪੈਦਾ ਕੀਤੀ
ਅਫਸੋਸਨਾਕ ਸਥਿਤੀ ।
— ਸਾਨੂੰ ਲੱਭਣੇ ਪੈ ਰਹੇ ਹਨ
ਪੋਲੈਂਡ ਦੀ ਅੰਦਰੂਨੀ ਸਥਿਤੀ ਜਾਨਣ ਲਈ
ਭਰੋਸੇ ਯੋਗ ਵਸੀਲੇ।
— ਸਾਨੂੰ ਦਲੀਲਾਂ ਸਹਿਤ ਸਾਬਤ ਕਰਨਾ ਪੈ ਰਿਹਾ ਹੈ
ਦੁਨੀਆਂ ਦਾ ਸਭ ਤੋਂ ਸਾਮਰਾਜੀ ਮੁਲਕ ਕੌਣ ?
— ਸਾਨੂੰ ਸ਼ਬਦਕੋਸ਼ਾਂ ਵਿਚੋਂ ਦਿਨ ਰਾਤ ਇਕ ਕਰਕੇ
ਢੂੰਡਣਾ ਪੈ ਰਿਹਾ ਹੈ
ਡੀਕ ਲਾ ਕੇ ਪੀ ਰਹੀ ਲੁਟੇਰੀ ਜਮਾਤ
ਦੇ ਖਾਸੇ ਦਾ ਕੋਈ ਢੁਕਵਾਂ ਜਿਹਾ ਨਾਂ।
— ਤੇ ਸਭ ਤੋਂ ਵੱਡਾ ਕੰਮ ਜੋ ਅਜ ਕਲ
ਸਾਨੂੰ ਕਰਨਾ ਪੈ ਰਿਹਾ ਹੈ ਉਹ ਹੈ —
ਇਕ ਗਰੁੱਪ ਵਲੋਂ ਦੂਜੇ ਨੂੰ ਕੀਤੀ ਏਕਤਾ ਦੀ
ਅਪੀਲ ਦੇ ਠੋਕਵੇਂ ਜੁਆਬ।
— — —
— ਅੱਜ ਕਲ ਅਸੀਂ ਬੜੇ ਬਿਜ਼ੀ ਹਾਂ
ਮੌਜੂਦਾ ਸੰਕਟ ਕਾਲੀਨ ਹਾਲਤਾਂ ਵਿਚ ਅਸੀਂ
ਤੁਹਾਡੇ ਲਈ ਸਿਰਫ ਇਤਨਾ ਹੀ ਕਰ ਸਕਦੇ ਹਾਂ
ਕਿ ਹਰੇਕ ਪਟਰੋਲ ਪੰਪ ਤੇ ਇਕ ਇਕ
ਪੋਸਟਰ ਚਿਪਕਾ ਦਿੰਦੇ ਹਾਂ ਕਿ —
ਸਾਡੇ ਦੇਸ਼ ਦੇ ਮਿਹਨਤਕਸ਼ ਲੋਕੋ।
ਹੇਠ ਲਿਖੀਆਂ ਜਥੇਬੰਦੀਆ ਚੋਂ ਜਿਹੜੀ ਵੀ
ਤੁਹਾਨੂੰ ਚੰਗੀ ਲੱਗਦੀ ਹੈ
ਵਿਚ "ਜਥੇਬੰਦ ਹੋ ਜਾਓ"

ਕਿਸਾਨ ਸਭਾ,
ਕਿਰਤੀ ਕਿਸਾਨ ਸਭਾ,
ਕਿਸਾਨ ਯੂਨੀਅਨ,
ਕਿਸਾਨ ਕਮੇਟੀ,
ਵਾਹੀਕਾਰ 'ਯੂਨੀਅਨ'
ਆਦਿ — ਆਦਿ।
ਅਜ ਕਲ ਅਸੀਂ ਬੜੇ ਬਿਜ਼ੀ ਹਾਂ।

o

## ਇਕ ਉਮਰ ਦੀ ਦਾਸਤਾਨ

### ਸਰਦਾਰਾ ਸਿੰਘ ਮਾਹਿਲ

ਮੇਰੇ ਅੰਦਰ ਤੜਪਦਾ ਰਿਹਾ ਹੈ
ਇਕ ਮੁੱਦਤ ਤੀਕਰ
ਗੁੰਮ ਗਏ ਪੈਲਾਂ ਦਾ ਸੰਤਾਪ।
ਮੈਂ ਸੁਣਦਾ ਰਿਹਾ ਹਾਂ ਆਪਣੇ ਅੰਦਰ
ਕਾਟਵੀਆਂ ਰੇਖਾਵਾਂ ਦੀ ਚਰਮਰਾਹਟ
ਅਤੇ ਸਾਗਰ ਦੀਆਂ ਲਹਿਰਾਂ ਵਾਂਗੂ
ਉਲਝੇ ਰਿਸ਼ਤਿਆਂ ਦੀ ਬੇਚੈਨ ਗੜਗੜਾਹਟ।
ਮਾਰੂਥੱਲ ਦੀ ਨਿਰੰਤਰਤਾ ਵਾਂਗ
ਫੈਲ ਜਾਂਦੀ ਰਹੀ ਹੈ
ਯਾਦਾਂ ਦੀ ਇਕ ਮੱਠਰੀ ਹੋਈ ਲਹਿਰ;
ਅਤੇ ਇਸ ਵਿਚੋਂ ਉਤਰਦਾ
ਮ੍ਰਿਗ ਤ੍ਰਿਸ਼ਨਾ ਦੇ ਝਾਉਲੇ ਜਿਹਾ
ਇਕ ਬਣਦਾ ਮਿਟਦਾ ਚਿਹਰਾ।
ਬਹੁਤ ਦੇਰ ਤਕ ਅੱਖਾਂ 'ਚ ਇਕੋ ਨੀਝ
ਦੇਖਦੀ ਰਹੀ ਹੈ ਸਪਨੀਲੀ ਧੁੰਦ ਤੇ ਪਰਾਂਹ
ਹਵਾ 'ਚ ਉੱਗੇ ਕੱਚ ਦੇ ਗੁਲਾਬ
ਅਤੇ ਫੁੱਲਾਂ ਦਾ ਜੁਗਨੂਆਂ 'ਚ ਬਦਲਣਾ
ਸੁਰਮਈ ਭਵਿੱਖ ਦੇ ਅਜੀਬੋ-ਗਰੀਬ ਸੁਪਨੇ।
ਹਾਂ! ਇਹ ਸਭ ਗੁਜ਼ਰਿਆ ਹੈ
ਮੇਰੇ ਤਨ ਚੋਂ ਪੁੱਛੋਂ ਦੇ ਸੀਤ ਬੁੱਲੇ ਵਾਂਗ
ਮੇਰੇ ਮਨ, ਚੋਂ ਹੁਸੀਨ ਖਿਆਲ ਦੀ ਤਰਾਂ।
ਤੇ ਸਭ ਗੁੱਜ਼ਰ ਜਾਣ ਤੇ ਬਾਦ
ਬਚਿਆ ਹੈ ਇ ਕ ਸਿੱਦਤ ਭਰਿਆ ਅਹਿਸਾਸ
ਜੋ ਘੱਸ ਗਿਆ ਬਾਪੂ ਦੇ ਤਨ ਵਾਂਗ
ਤੇ ਸੁੰਗੜ ਗਿਆ ਹੈ ਮੇਰੇ ਖੇਤਾਂ ਦੀ ਤਰਾਂ।
ਹੁਣ ਮੈਂ ਇਹ ਅਹਿਸਾਸ ਪੂੰਝ ਦਿਤਾ ਹੈ
ਮੱਥੇ ਤੋਂ ਪਸੀਨੇ ਦੀ ਤਰਾਂ
ਮੱਥੇ 'ਚ ਤਿਊੜੀਆਂ ਦੀ ਥਾਂ
ਉੱਗੇ ਹਨ ਕਿਰਚਾਂ
ਸਾਗਰ ਜਿਹਾ ਉਛਲਦਾ ਲਾਵਾ
ਤੜੇ ਮੁੱਕਿਆਂ ਜਿਹੇ ਨਾਅਰੇ,
ਮਾਂ ਦੇ ਦੁਧ ਵਰਗੀ ਧਾਕ
ਸਿਰ ਤਲੀ ਧਰਨ ਦਾ ਜਿਗਰਾ
ਸੰਦਲੀ ਸ਼ਹਿਦ ਵਰਗੀ ਜ਼ਿੰਦਗੀ ਦੀ ਆਸ
ਜੋ ਉਗਣੀ ਹੈ ਲਹੂ ਭਿਜੀ ਧਰਤੀ ਚੋਂ।
ਇਹ ਇਕ ਬਿੰਦੂ ਹੈ
ਜਿਥੇ ਖਤਮ ਹੁੰਦੀ, ਇਕ ਉਮਰ ਦੀ ਦਾਸਤਾਨ
ਜਿਥੋਂ ਸ਼ੁਰੂ ਹੁੰਦੀ ਹੈ, ਇਕ ਉਮਰ ਦੀ ਦਾਸਤਾਨ

o

## ਮੈਂ ਗੁਨਾਹਗਾਰ ਨਹੀਂ ਹਾਂ

### ਕਰਨੈਲ

— ਹਾਂ ਮੇਰੇ ਦੋਸਤ!
ਮੈਂ ਮੁਖਾਤਬ ਹਾਂ
ਇਤਿਹਾਸ ਦੇ ਸੰਤਾਪੇ ਹੋਏ ਸਮੇਂ ਨੂੰ
ਕਿ — ਦਹਾਕੇ ਪਿਛੋਂ
ਫਿਰ ਇਉਂ ਹੀ ਵਾਪਰਨਾ ਸੀ
ਤੇ ਟੁੱਟ ਜਾਣਾ ਸੀ
'ਸੁਪਨ ਮਹਿਲ'
ਤੇ ਉਭਰ ਆਉਣਾ ਸੀ
ਇਕ ਹੋਰ ਸੁਆਲ
ਕਿ 'ਧੀਦੋ' ਦਾ ਕੀ ਬਣਿਆਂ ਸੀ
ਕੀ ਇਕ ਹੋਰ 'ਦਸਤਾਵੇਜ਼'
ਲਿਖਿਆ ਜਾਵੇਗਾ ? —
ਇਹ ਸੀ, ਦਹਾਕੇ ਦਾ ਸਫਰ
ਤੇ ਫਿਰ ਨਵਾਂ ਦਹਾਕਾ — — —
ਹਾਂ ਮੇਰੇ ਦੋਸਤ,
ਮੈਂ ਮੁਖਾਤਬ ਹਾਂ,
ਇਤਿਹਾਸ ਦੇ ਸੰਤਾਪੇ ਹੋਏ ਸਮੇਂ ਨੂੰ।
ਕਰਵੱਟਾਂ ਬਦਲੇ ਯੁੱਗ 'ਚ
ਕਿਉਂ 'ਤਰਥੱਲੀਆਂ ਦਾ ਕਾਫਲਾ'
'ਬਾਘੜਾਂ ਦੀ ਭੜਕ'
ਦੀ ਥਾਂ
'ਹੁਸੀਨ'
'ਬਿਸਤਰਿਆਂ ਦੇ ਨਿੱਘ',
'ਰਹੀ ਸੈਕਸ' ਦੇ ਸਿਧਾਂਤ,
ਨਾਲ ਚਿੱਪਟ ਗਿਆ!
ਇਸ ਦਾ ਜੁਆਬ
ਸਮਾਂ ਤੇ ਸਿਧਾਂਤ ਨਹੀਂ
ਹੁਣ ਲੋਕ ਹੀ ਦੇਣਗੇ ?
ਹਾਂ ਮੇਰੇ ਦੋਸਤ
ਲੋਹੇ ਦਾ ਸੱਚ ਇਹ ਕਿ
ਅਸੀਂ ਵੀ ਗੁਨਾਹਗਾਰ ਹਾਂ

ਜੋ 'ਇਤਿਹਾਸ' ਦੇ ਸਿਰਜਣਹਾਰੇ
ਬਣ ਕੇ ਆਏ ਸੀ ਘਰੋਂ,
ਹੁਣ
ਧਰਤੀ ਤੋਂ ਵਿਹਲ ਭਾਲਦੇ ਹਨ,
ਦਹਾਕਾ ਭਰ
'ਉੜੇ' 'ਬੁੜੇ' ਨੂੰ
ਬੱਤਾ ਹੀ ਕਹਿੰਦੇ ਰਹੇ
ਹੁਣ ਮੁੜੇ ਹਾਂ
ਬਦਲ ਕੇ ਨਹੀਂ
ਮੱਥੇ ਤੇ "ਚੰਨ" ਲੁਆ ਕੇ
ਪਰ ਦੋਸਤ,
ਮਾਂ ਦੀ ਕੁੱਖ ਨੇ
ਜੁਆਬ ਦੇ ਦਿੱਤਾ
ਦੁੱਧ ਦੀ ਲਾਜ — — —
ਨਿਰਾਸ਼ ਨਾ ਹੋਵੀਂ ਮੇਰੇ ਦੋਸਤਾ,
'ਮਿੱਟੀ' ਅਜੇ 'ਮਰੀ' ਨਹੀਂ
ਤੇ ਲਹੂ "ਜੰਮਿਆ" ਨਹੀਂ
ਠੀਕ ਹੈ — — —
"ਸਿਧਾਂਤ ਦਾ ਸਿਰ" ਨਹੀਂ
ਲੋੜਾਂਗੇ ਫਿਰ ਵੀ
ਸਿਦਕ ਦੀ ਸਹੁੰ ਖਾ ਕੇ
ਕਹਿੰਦਾ ਹਾਂ
ਪੈੜ ਚਾਲੇ ਤੁਰਿਆਂ ਨੂੰ
ਕੋਈ ਰੋੜ ਨਹੀਂ ਸਕਦਾ
ਹਾਂ ਸਮੇਂ ਤੋਂ ਕਾਲਖ ਧੋਣ ਲਈ
ਟੁੱਟੀ ਫੁੱਟੀ ਡੰਗੋਰੀ
ਸਹਾਰੇ
ਠਿੱਲਣ ਵਾਲਾ
ਇਤਿਹਾਸ ਦੇ ਗੁਨਾਹਾਂ ਨੂੰ
ਚੁੱਕਦਾ ਕਰ ਸਕਦਾ ਹੈ
ਹਾਂ ਤੇ ਦੋਸਤ ਮੈਂ ਸੱਚ ਕਹਿੰਦਾ ਹਾਂ
ਮੈਂ ਸੰਤਾਪੇ ਹੋਏ ਸਮੇਂ ਦਾ ਜਾਇਆ
ਸਮੇਂ ਦੀ ਭੀਖ ਮੰਗਦਾ ਹਾਂ —
ਮੈਂ ਕੋਈ ਗੁਨਾਹਗਾਰ ਤਾਂ ਨਹੀਂ
ਹਾਂ
ਮੈਂ ਗੁਨਾਹਗਾਰ ਨਹੀਂ
ਮੇਰਾ ਗੁਨਾਹ ਸਿਰਫ਼ ਇਹੀ ਸੀ
ਕਿ ਮੈਂ ... ... ...
ਸੰਤਾਪੇ ਸਮੇਂ ਦਾ ਜਾਇਆ ਸੀ।



## ਸੋਚਿਆ ਸੀ

### ਤਰਲੋਚਨ ਸਮਾਧਵੀ

ਸੋਚਿਆ ਸੀ
ਜ਼ਿੰਦਗੀ ਸੂਹੇ ਫੁੱਲਾਂ ਦੀ ਸੇਜ ਹੀ ਹੁੰਦੀ ਹੈ
ਜਾਂ ਜਵਾਨ ਖੁਸ਼ਬੂਆਂ 'ਚ ਵਿਚਰਦੇ ਅਨਾਮ ਪਲ
ਪਰ ਇਹ ਕਦੇ ਨਹੀਂ ਸੀ ਸੋਚਿਆ
ਜ਼ਿੰਦਗੀ ਕੁੜੱਤਣ ਦਾ ਸਾਗਰ ਵੀ ਹੁੰਦੀ ਹੈ
ਤੇ ਵਕਤ ਦੀ ਸਿਲ 'ਚ ਪਿਸਦੇ,
ਬੇਚਿਹਰਿਆਂ ਦੀ ਗਾਥਾ ਵੀ।
ਸੋਚਿਆ ਸੀ
ਖੁਸ਼ਗਵਾਰ ਮੌਸਮ 'ਚ ਹਵਾ ਵਾਂਗ ਵਿਚਰਾਂਗੇ,
ਤੇ ਤੜਪਦੇ ਸੀਨਿਆਂ 'ਚ ਡਿਗਾਂਗੇ ਮੀਂਹ ਦੀ ਕਣੀ ਵਾਂਗ,
ਪਰ ਚਲਣ ਤੋਂ ਪਹਿਲਾਂ ਹੀ
ਪੈ ਗਈਆਂ ਹਨ ਕਦਮਾਂ 'ਚ
ਗੁਰਬਤ ਦੀਆਂ ਸੰਘਣੀਆਂ ਜ਼ੰਜੀਰਾਂ
ਤੇ ਸੜ ਗਏ ਹਾਂ ਆਪਣੀ ਹੀ ਅੱਗ ਵਿਚ ਰੇਜ਼ਾ ਰੇਜ਼ਾ
ਮਾਂ ਦੀ ਮੁਸਕਰਾਹਟ ਤਾਂ ਹੁਣ,
ਇਕ ਯਾਦ ਹੀ ਬਣ ਗਈ ਹੈ
ਤਿੜਕ ਗਿਆ ਹੈ ਪੁਤ ਦੇ ਉਚੇਰੇ ਭਵਿੱਖ ਦਾ
ਅੰਨ੍ਹੀਆਂ ਅੱਖਾਂ 'ਚ ਲਟਕਦਾ ਸੁਪਨਾ।
ਕਦੇ ਇਹ ਵੀ ਸੋਚਦੇ ਸਾਂ
ਕੱਢ ਦਿਆਂਗੇ ਬਾਪੂ ਦੀਆਂ ਵਿਰਾਨ ਅੱਖਾਂ 'ਚੋਂ
ਫੋੜੇ ਵਾਂਗ ਪਸਰਦੀ ਪੀੜ ਦਾ ਸੇਕ,
ਤੇ ਕਲ-ਮੂੰਹੀਆਂ ਵਹੀਆਂ 'ਚੋਂ
ਖੱਬੇ ਅੰਗੂਠੇ ਦੇ ਪਾਕ ਨਿਸ਼ਾਨ।
ਪਰ ਹੁਣ ਇਹ ਪੀੜ ਮੇਰੀ ਵਿਰਾਸਤ ਹੈ
ਤੇ ਫੈਲ ਗਿਆ ਹੈ ਚੁਫੇਰੇ ਤਕਾਵੀਆਂ ਦਾ
ਤਲਖ ਜਿਹਾ ਜਾਲ
ਸਾਥੀਆਂ 'ਚੋਂ
ਕੁਝ ਚੜ੍ਹ ਗਏ ਹਨ ਅਮਨ ਕਾਨੂੰਨ ਤੇ,
ਪਹਿਰਾ ਦਿੰਦੀ ਪੁਲੀਸ ਦੇ ਅੜਿੱਕੇ
ਤੇ ਕੁਝ ਤੁਰ ਗਏ ਹਨ ਪ੍ਰਦੇਸੀਂ,
ਜ਼ਿੰਦਗੀ ਬਣਾਉਣ ਖਾਤਰ।
ਹੁਣ ਜਦੋਂ ਕਿ
ਸੰਨਦਾਂ ਦੇ ਅੰਬਾਰ, ਉਗ ਆਏ ਹਨ ਜ਼ਿਹਨ 'ਚ
ਕੰਡਿਆਲੀ ਥੋਹਰ ਵਾਂਗ,
ਤੇ ਸਿਸਕ ਸਿਸਕ ਕੇ ਦਮ ਤੋੜ ਗਈ ਹੈ
ਪਤਲੇ ਬੁੱਲ੍ਹਾਂ ਤੇ ਉਦਾਸ ਜਿਹੀ ਮੁਸਕਾਨ
ਤਾਂ
ਆਪੂੰ ਉਲੀਕੇ ਸੁਪਨੇ ਮਹਿਜ਼ ਅਜਨਬੀ ਲਗਦੇ ਹਨ।
ਸੋਚਿਆ ਸੀ ਜ਼ਿੰਦਗੀ ਸੂਹੇ ਫੁੱਲਾਂ ਦੀ ਸੇਜ ਹੀ ਹੁੰਦੀ ਹੈ।

(ਭਗਤ ਸਿੰਘ ਦੀ 51ਵੀਂ ਬਰਸੀ ਦੇ ਮੌਕੇ ਤੇ)

# ਭਗਤ ਸਿੰਘ ਤੇ ਚਿੜੀਆਂ

ਹਿੰਮਤ ਸਿੰਘ ਸੋਢੀ

[ ਜਨਵਰੀ ਦੇ ਪਹਿਲੇ ਪੱਖ ਦੀ 'ਸਾਰਿਕਾ' ਵਿਚ ਸਰਵੇਸ਼ਰ ਦਿਆਲ ਸਕਸੇਨਾ ਦੀ ਇਕ ਕਹਾਣੀ ਛਪੀ ਸੀ – "ਲੁਹ-ਸੂਨ ਔਰ ਚਿੜੀਆ"। ਇਹ ਕਹਾਣੀ ਚੀਨੀ ਸਾਹਿਤਕਾਰ ਲੁਹ-ਸੂਨ ਦੀ ਜੀਵਨੀ ਤੋਂ ਪ੍ਰਭਾਵਤ ਹੋ ਕੇ ਲਿਖੀ ਗਈ ਸੀ। ਸਕਸੇਨਾ ਜੀ ਦੀ ਰਚਨਾ ਤੋਂ ਪ੍ਰਭਾਵਤ ਹੋ ਕੇ ਤੇ ਭਗਤ ਸਿੰਘ ਨੂੰ ਮੁਖ ਰਖ ਕੇ ਮੈਂ ਇਹ ਹਥਲਾ ਯਤਨ ਕੀਤਾ ਹੈ। ]

---

ਪਿਛਲੀਆਂ ਗਰਮੀਆਂ ਵਿਚ ਮੈਨੂੰ ਉਸ ਪਹਾੜੀ ਇਲਾਕੇ ਵਿਚ ਜਾਣ ਦਾ ਮੌਕਾ ਮਿਲਿਆ ਜਿਧਰ ਸਤਲੁਜ ਨਦੀ ਵੀ ਵਗਦੀ ਹੈ। ਇਕ ਸ਼ਾਮ ਮੈਂ ਇਸ ਨਦੀ ਦੇ ਨਾਲ ਨਾਲ ਤੁਰਦਾ ਇਕ ਜੰਗਲ ਪਾਸ ਪਹੁੰਚ ਗਿਆਂ ਤੇ ਕੁਝ ਹੈਰਾਨ ਹੋਇਆ ਕਿ ਭਗਤ ਸਿੰਘ ਨਾਲ ਮਿਲਦੀ ਜੁਲਦੀ ਸ਼ਕਲ ਦਾ ਬੰਦਾ ਜੰਗਲ ਦੇ ਪਾਸ ਘੁੰਮ ਰਿਹਾ ਸੀ। ਮੈਂ ਹੋਰ ਨੇੜੇ ਗਿਆ ਤੇ ਵੇਖਿਆ ਕਿ ਇਹ ਤਾਂ ਇਨ-ਬਿਨ ਭਗਤ ਸਿੰਘ ਹੈ। ਪਹਿਲਾਂ ਮੈਂ ਕੁਝ ਘਬਰਾ ਜਿਹਾ ਗਿਆ, ਪਰ ਆਖ਼ਰ ਆਪਣੀ ਜ਼ਿਗਿਆਸਾ ਮੱਠੀ ਪਾਉਣ ਲਈ ਪੁਛ ਹੀ ਲਿਆ ਕਿ ਤੁਸੀਂ ਤਾਂ ਭਗਤ ਸਿੰਘ ਨਾਲ ਮਿਲਦੇ-ਜੁਲਦੇ ਹੋ। ਉਹ ਕਹਿਣ ਲੱਗਾ, "ਮਿਲਦਾ-ਜੁਲਦਾ ਕਿਉਂ ਹਾਂ, ਮੈਂ ਤਾਂ ਹਾਂ ਹੀ ਭਗਤ ਸਿੰਘ।" ਮੈਂ ਪੁਛਿਆ ਇਹ ਕਿਵੇਂ ਹੋ ਸਕਦਾ ਹੈਂ, ਉਸ ਨੂੰ ਤਾਂ ਮਰੇ ਵੀ ਪੰਜਾਹ ਸਾਲ ਹੋ ਗਏ ਹਨ। ਉਹ ਕਹਿਣ ਲੱਗਾ, "ਭਗਤ ਸਿੰਘ ਕਿਵੇਂ ਮਰ ਸਕਦਾ ਹੈ ? ਤੂੰ ਜਾ ਕੇ ਜਿਸ ਨੂੰ ਮਰਜ਼ੀ ਪੁਛ ਲੈ, ਕਹਿਣਗੇ 'ਭਗਤ ਸਿੰਘ ਅਮਰ ਹੈ'।" ਮੈਂ ਸੋਚਿਆ ਗੱਲ ਤਾਂ ਠੀਕ ਹੈ, ਪਰ ਫੇਰ ਪੁਛਿਆ ਕਿ ਇਥੇ ਕਿਸ ਤਰ੍ਹਾਂ ਆ ਗਏ ?

ਉਸ ਕਿਹਾ ਕਿ ਮੈਂ ਨਦੀ ਦੀ ਮੱਛੀ ਵਾਂਗ ਸਦਾ ਚੜ੍ਹਦੇ ਵਹਿਣ ਵਲ ਤੁਰਦਾ ਸੀ। ਸੋ ਜਦ ਉਹ ਮੈਨੂੰ ਨਦੀ ਕੰਢੇ ਸੁਟ-ਸਾੜ ਕੇ ਗਏ ਤਾਂ ਮੇਰੀ ਇਕ ਹੱਡੀ ਸਤਲੁਜ ਵਿਚ ਡਿੱਗ ਕੇ ਅਮਰ ਹੋ ਗਈ, ਤੇ ਮੱਛੀ ਵਾਂਗ ਚੜ੍ਹਦੇ ਵਹਿਣ ਵਲ ਤਰਦਾ ਹੋਇਆ ਮੈਂ ਏਧਰ ਆ ਨਿਕਲਿਆ ਤੇ ਇਸ ਜੰਗਲ ਦੇ ਵਿਚ ਹੀ ਰਹਿਣ ਲੱਗਾ। ਮੈਨੂੰ ਇਸ ਜੰਗਲ਼ ਦੇ ਪੰਛੀ ਚੰਗੇ ਲੱਗਦੇ ਹਨ – ਚਿੜੀਆਂ, ਘੁੱਗੀਆਂ, ਤੋਤੇ, ਗੁਟਾਰਾਂ, ਗੁਲਹਿਰੀਆਂ – ਪਰ ਮੈਂ ਇਹਨਾਂ ਸਭਨਾਂ ਨੂੰ ਚਿੜੀਆਂ ਹੀ ਕਹਿੰਦਾ ਹਾਂ।"

ਮੈਂ ਹੈਰਾਨ ਹੋ ਗਿਆ ਕਿ ਭਗਤ ਸਿੰਘ ਦਾ ਚਿੜੀਆਂ ਨਾਲ ਪਿਆਰ ਹੋ ਗਿਆ। ਉਹ ਮੇਰੀ ਹੈਰਾਨੀ ਤਾੜ ਗਿਆ ਤੇ ਕਹਿੰਦਾ, "ਪਿਛੇ ਜਿਹੇ ਤੋਂ ਇਹ ਚਿੜੀਆਂ ਬੜੀਆਂ ਡਰੀਆਂ ਡਰੀਆਂ, ਸਹਿਮੀਆਂ ਸਹਿਮੀਆਂ ਰਹਿੰਦੀਆਂ ਹਨ। "ਮੈਂ ਕਿਹਾ, "ਕਿਉਂ ? ਕੋਈ ਸ਼ਿਕਾਰੀ ਇਹਨਾਂ ਨੂੰ ਮਾਰਨ ਆਉਂਦੇ ਨੇ ?"

"ਨਹੀਂ" ਉਹ ਬੋਲਿਆ, "ਸ਼ਿਕਾਰੀਆਂ ਨੂੰ ਹੁਣ ਚਿੜੀਆਂ ਮਾਰਨ ਵਿਚ ਕੋਈ ਦਿਲਚਸਪੀ ਨਹੀਂ। ਉਹ ਤਾਂ ਹੁਣ ਬੰਦੇ ਫੜ ਕੇ ਇਸ ਜੰਗਲ ਵਿਚ ਲੈ ਆਉਂਦੇ ਹਨ। ਏਥੇ ਉਹਨਾਂ ਨੂੰ ਰੁਖਾਂ ਨਾਲ ਬੰਨ੍ਹ ਕੇ ਮਾਰਦੇ ਹਨ, ਬਕਾਉਂਦੇ ਹਨ, ਤੇ ਫੇਰ ਅੰਤਸਰ ਗੋਲੀ ਮਾਰ ਦੇਂਦੇ ਹਨ। ਚਿੜੀਆਂ ਇਸ ਗੋਲੀ ਦੀ ਆਵਾਜ਼ ਨਾਲ ਸਹਿਮ ਜਾਂਦੀਆਂ ਹਨ। ਕਈ ਤਾਂ ਸੁੱਤੀਆਂ ਸੁੱਤੀਆਂ ਦਰਖ਼ਤ ਤੋਂ ਹੀ ਡਿੱਗ ਪੈਂਦੀਆਂ ਹਨ। ਉਹ ਦਰਖ਼ਤ ਨਾਲ ਆਦਮੀ ਦੀ ਬੱਧੀ ਹੋਈ ਲਾਸ਼ ਨੂੰ ਵੇਖ ਕੇ ਬਹੁਤ ਘਬਰਾਉਂਦੀਆਂ ਹਨ ਤੇ ਚੀਕ-ਚਿਹਾੜਾ ਵੀ ਪਾਉਂਦੀਆਂ ਹਨ; ਕਿਉਂਕਿ ਉਹਨਾਂ ਦਾ ਵਿਸ਼ਵਾਸ ਹੈ ਕਿ ਜਿਸ ਦਰਖਤ ਨਾਲ ਆਦਮੀ ਦੀ ਲੋਥ ਬੱਝੀ ਹੋਈ ਹੋਵੇ ਉਹ ਹਰਾ ਨਹੀਂ ਰਹਿ ਸਕਦਾ, ਜ਼ਰੂਰ ਸੁੱਕ ਜਾਂਦਾ ਹੈ। ਉਹਨਾਂ ਨੂੰ ਖ਼ਤਰਾ ਹੈ ਕਿ ਕਿਸੇ ਦਿਨ ਸਾਰਾ ਜੰਗਲ ਹੀ ਸੁੱਕ ਨਾ ਜਾਵੇ।"

"ਤੁਸੀਂ ਉਹਨਾਂ ਦੀ ਕੀ ਮਦਦ ਕਰਦੇ ਹੋ ?"

"ਮੈਂ ਉਹਨਾਂ ਦੀ ਬੋਲੀ ਸਮਝਣ ਦਾ ਯਤਨ ਕਰਦਾ ਹਾਂ, ਕਿ ਉਹ ਕੀ ਕਹਿੰਦੀਆਂ ਹਨ, ਕੀ ਚਾਹੁੰਦੀਆਂ ਹਨ। ਉਹਨਾਂ ਦੀ ਬੋਲੀ ਸਮਝ ਕੇ ਮੈਂ ਉਹਨਾਂ ਨੂੰ ਕੁਝ ਸਮਝਾਉਣ ਦਾ ਯਤਨ ਵੀ ਕਰਦਾ ਹਾਂ ਕਿ ਤੁਸੀਂ ਭਾਵੇਂ ਕਮਜ਼ੋਰ ਹੋ, ਪਰ ਨਿੱਡਰ ਹੋ, ਉਡ ਸਕਦੀਆਂ ਹੋ, ਇਕਠੀਆਂ ਹੋ ਕੇ ਸ਼ਿਕਾਰੀਆਂ ਨੂੰ ਘੇਰ ਸਕਦੀਆਂ ਹੋ, ਜਦ ਉਹ ਬੰਦੇ ਲੈ ਕੇ ਏਧਰ ਆਉਂਦੇ ਹਨ ਤੁਸੀਂ ਇਕੱਠੀਆਂ ਉਹਨਾਂ ਤੇ ਹਮਲਾ ਕਰ ਸਕਦੀਆਂ ਹੋ, ਉਨ੍ਹਾਂ ਦੀਆਂ ਅੱਖਾਂ ਆਪਣੀਆਂ ਚੁੰਝਾਂ – ਪਹੁੰਚਿਆਂ ਨਾਲ ਕਢ ਸਕਦੀਆਂ ਹੋ ਤੇ ਉਹਨਾਂ ਨੂੰ ਨਸਾ ਸਕਦੀਆਂ ਹੋ।"

"ਕੀ ਇਹ ਸੰਭਵ ਹੈ ? ਇਹ ਹੋ ਸਕਦਾ ਹੈ ਕਿ ਚਿੜੀਆਂ ਇਕੱਠੀਆਂ ਹੋ ਕੇ ਇਉਂ ਕਰ ਸਕਣ !"

"ਕਿਉਂ ਨਹੀਂ ਹੋ ਸਕਦਾ ?" ਉਹ ਬੋਲਿਆ, "ਮੈਂ ਸੁਣਿਆ ਹੈ ਕਿ ਤਿੰਨ ਸੌ ਸਾਲ ਪਹਿਲਾਂ ਏਸੇ ਸਤਲੁਜ ਤੇ ਜਮਨਾ ਦੇ ਵਿਚਾਲੇ ਦੀਆਂ ਪਹਾੜੀਆਂ ਵਿਚ ਇਕ ਗੁਰੂ ਹੋਇਆ ਹੈ; ਜੋ ਏਸੇ ਤਰ੍ਹਾਂ ਚਿੜੀਆਂ ਨੂੰ ਇਕੱਠੀਆਂ ਕਰਕੇ ਬਾਜ਼ਾਂ ਦੇ ਵਿਰੁਧ ਲੜਾਉਂਦਾ ਰਿਹਾ

ਹੈ, ਚਿੜੀਆਂ ਤੋਂ ਬਾਜ਼ਾਂ ਨੂੰ ਤੁੜਵਾਉਂਦਾ ਰਿਹਾ ਹੈ। ਕਿਉਂ ਨਹੀਂ ਚਿੜੀਆਂ ਨੂੰ ਸ਼ਿਕਾਰੀਆਂ ਦੇ ਖ਼ਿਲਾਫ਼ ਲਾਮ-ਬੰਦ ਕਰ ਸਕਦਾ ? ਬੱਸ; ਅਜੇ ਥੋੜੀ ਜਿਹੀ ਔਕੜ ਉਹਨਾਂ ਦੀ ਬੋਲੀ ਸਿਖਣ ਦੀ ਹੈ ਤੇ ਉਹਨਾਂ ਨੂੰ ਇਕੱਠਿਆਂ ਕਰਨ ਦੀ ਹੈ। ਚਿੜੀਆਂ ਦੀ ਬੋਲੀ ਹੋਰ, ਘੁਗੀਆਂ ਦੀ ਹੋਰ, ਕਬੂਤਰਾਂ ਦੀ ਹੋਰ, ਤੋਤਿਆਂ ਦੀ ਹੋਰ। ਫੇਰ ਚਿੜੀਆਂ ਘੁਗੀਆਂ ਕੋਲ ਨਹੀਂ ਬਹਿੰਦੀਆਂ, ਘੁਗੀਆਂ ਅਜੇ ਕਬੂਤਰਾਂ ਨਾਲ ਨਹੀਂ ਹਿੱਲੀਆਂ, ਕਬੂਤਰ ਤੋਤਿਆਂ ਤੋਂ ਦੂਰ ਰਹਿੰਦੇ ਹਨ। ਜਿਉਂ ਜਿਉਂ ਮੈਂ ਉਹਨਾਂ ਦੀ ਬੋਲੀ ਸਿੱਖ ਲਈ, ਉਹਨਾਂ ਨੂੰ ਕੋਲ ਕੋਲ ਲੈ ਆਂਦਾ, ਉਹਨਾਂ ਨੂੰ ਇਕਠਿਆਂ ਕਰ ਲਿਆ, ਸ਼ਿਕਾਰੀਆਂ ਨੂੰ ਜੰਗਲ ਦੇ ਨੇੜੇ ਨਹੀਂ ਲੱਗਣ ਦਿੱਤਾ ਜਾਵੇਗਾ।"

ਹਨੇਰਾ ਹੋਣ ਵਾਲਾ ਸੀ। ਅਸੀਂ 'ਬੁਧੀਜੀਵੀ' ਲੋਕ ਰਾਤ ਦੇ ਹਨੇਰੇ ਤੋਂ ਵੀ ਡਰ ਜਾਂਦੇ ਹਾਂ, ਮਤੇ ਰਸਤੇ ਵਿਚ ਹੀ ਹਨੇਰਾ ਹੋ ਜਾਵੇ ਤਾਂ ਕੋਈ ਬਿਪਤਾ ਖੜੀ ਹੋ ਜਾਵੇ। ਮੈਂ ਭਗਤ ਸਿੰਘ ਨੂੰ ਪਰਨਾਮ ਕਰਕੇ ਵਾਪਸ ਮੁੜਦਾ ਹੋਇਆ ਸੋਚ ਰਿਹਾ ਸਾਂ ਕਿ ਇਹ ਆਦਮੀ ਧੁਨ ਦਾ ਬੜਾ ਪੱਕਾ ਹੈ — ਜ਼ਰੂਰ ਚਿੜੀਆਂ ਨੂੰ ਇਕੱਠਿਆਂ ਕਰ ਕੇ ਉਹਨਾਂ ਨੂੰ ਸ਼ਿਕਾਰੀਆਂ ਦਾ ਮੁਕਾਬਲਾ ਕਰਨ ਦੇ ਯੋਗ ਬਣਾ ਕੇ ਦੰਮ ਲਏਗਾ।

ਮੁੜ ਕੇ ਦੇਖਿਆ ਤਾਂ ਭਗਤ ਸਿੰਘ ਜੰਗਲ ਦੇ ਅੰਦਰ ਵੜ ਜਾ ਰਿਹਾ ਸੀ। ਇਕ ਚਿੜੀ ਉਸ ਦੇ ਹੈਟ ਉਤੇ ਬੈਠੀ ਹੋਈ ਸੀ, ਇਕ ਕਬੂਤਰ ਇਕ ਮੋਢੇ ਉਤੇ, ਇਕ ਘੁਗੀ ਦੂਜੇ ਮੋਢੇ ਉਤੇ। ○

---

ਕਹਾਣੀ ○

# ਪੜਤਾਲ

○

ਮੂਲ – ਸ੍ਰੀ ਕਾਂਤ

ਅਕਸਰ ਇੰਜ ਹੁੰਦਾ ਹੈ ਕਿ ਇਹ ਲੋਕ ਸਾਇਰਨ ਦੀ ਅਵਾਜ਼ ਸੁਣਦੇ ਸਾਰ ਆਪਣੀਆਂ ਝੁਗੀਆਂ ਵਿਚੋਂ ਬਾਹਰ ਨਿਕਲ ਆਉਂਦੇ ਹਨ। ਇਸ ਸਮੇਂ ਸਾਊ ਅਤੇ ਸੱਭਯ ਕਹੇ ਜਾਣ ਵਾਲੇ ਲੋਕਾਂ ਦੀ ਗਿਣਤੀ ਸੜਕਾਂ ਉਤੇ ਘਟ ਜਾਂਦੀ ਹੈ। ਉਹ ਜਾਂ ਤਾਂ ਫੁਟਪਾਥ ਤੇ ਖੜੇ ਹੋ ਜਾਂਦੇ ਹਨ ਜਾਂ ਫਿਰ ਕਾਰ ਦੇ ਅੰਦਰੋਂ ਹੀ ਇਹਨਾਂ ਲੋਕਾਂ ਬਾਰੇ ਆਪਣੀ ਰਾਇ ਦਾ ਪ੍ਰਗਟਾਵਾ ਕਰਦੇ ਹਨ — ਕਿ ਲੋਕ ਜਾਨਵਰਾਂ ਨਾਲੋਂ ਵੀ ਭੈੜੇ ਹਨ; ਕਿ ਇਹਨਾਂ ਬੇਵਕੂਫਾਂ ਨੂੰ ਚਲਣਾ ਵੀ ਨਹੀਂ ਆਉਂਦਾ; ਕਿ ਇਹਨਾਂ ਦੇ ਸਰੀਰ ਵਿਚੋਂ ਨਿਕਲਦੀ ਦੁਰਗੰਧ ਨਾਲ ਉਹਨਾਂ ਨੂੰ ਚੱਕਰ ਆਉਣ ਲਗਦੇ ਹਨ; ਵਗੈਰਾ — ਵਗੈਰਾ। ਇਹ ਸਿਲਸਿਲਾ ਤਕਰੀਬਨ ਦਸ ਵਜੇ ਤਕ ਚਲਦਾ ਰਹਿੰਦਾ ਹੈ। ਉਹ ਅੱਲਗ-ਅਲੱਗ ਸੜਕਾਂ, ਗਲੀਆਂ, ਚੌਰਾਹਿਆਂ ਵਿਚੀਂ ਹੁੰਦੇ ਹੋਏ ਆਪਣੇ ਕਾਰਖਾਨੇ, ਮਿੱਲ ਜਾਂ ਖਾਨ ਵਿਚ ਪਹੁੰਚ ਜਾਂਦੇ ਹਨ। ਤੇ ਪਹਿਲਾਂ ਵਾਂਗ ਮੁੜ ਸੜਕਾਂ ਸ਼ਾਂਤ ਹੋ ਜਾਂਦੀਆਂ ਹਨ। ਇਹ ਭੀੜ–ਭੜੱਕਾ ਸ਼ਾਮੀਂ ਚਾਰ ਵਜੇ ਦੇ ਸਾਇਰਨ ਨਾਲ ਫੇਰ ਸ਼ੁਰੂ ਹੋ ਜਾਂਦਾ ਹੈ ਅਤੇ ਛੇ ਵਜੇ ਤਕ ਫਿਰ ਉਹੀ ਸਿਲਸਿਲਾ ਚਲਦਾ ਰਹਿੰਦਾ ਹੈ ਅਤੇ ਇਹ ਸਾਰੇ ਲੋਕ ਜਿਨ੍ਹਾਂ ਦੀ ਸ਼ਕਲ–ਸੂਰਤ, ਘਰ-ਬਾਰ, ਪਤਨੀਆਂ ਬੱਚੇ ਇੱਕੋ ਜਿਹੇ ਹੁੰਦੇ ਹਨ; ਆਪਣੀਆਂ–ਆਪਣੀਆਂ ਝੁਗੀਆਂ ਵਿਚ ਵੜ ਜਾਂਦੇ ਹਨ — ਥੱਕੇ ਹੋਏ — ਹਾਰੇ ਹੋਏ।

'ਯੂਨੀਅਨ ਪਰਿੰਟਿੰਗ ਕੰਪਨੀ' ਦਾ ਰੰਗ-ਮਾਸਟਰ ਦੀਨਾ ਨਾਥ, ਇਸ ਭੀੜ ਵਿਚ ਲਾਜ਼ਮੀ ਹੁੰਦਾ ਹੈ। ਲੰਮੀਆਂ ਲੰਮੀਆਂ ਡਿੰਘਾਂ ਪੁੱਟੀ, ਤੁਰੇ ਜਾਂਦੇ ਨੂੰ ਹਰ-ਰੋਜ਼ ਇਸੇ ਵੇਲੇ ਵੇਖਿਆ ਜਾ ਸਕਦਾ ਹੈ। ਇੰਜ ਤੁਰਿਆ ਜਾਂਦਾ ਉਹ ਬੜਾ ਗੰਭੀਰ ਲਗਦਾ ਹੈ। ਕੰਪਨੀ ਦੇ ਮਜ਼ਦੂਰਾਂ ਵਿਚ ਉਹ ਦੀਨਾ ਨਾਥ ਦੇ ਨਾਂ ਨਾਲ ਨਹੀਂ ਸਗੋਂ 'ਮਾਸਟਰ' ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਕੰਪਨੀ ਦੇ ਸਾਰੇ ਮਜ਼ਦੂਰ ਉਸ ਦੀ ਬਹੁਤ ਕਦਰ ਕਰਦੇ ਹਨ ਅਤੇ ਉਸ ਦੀ ਕਲਾ ਉਤੇ ਹੈਰਾਨੀ ਪ੍ਰਗਟਾਉਂਦੇ ਹਨ — 'ਹਾਇ-ਹਾਇ...... ਕੀ ਅਸਮਾਨੀ ਰੰਗ ਬਣਾਇਆ ਏ ਮਾਸਟਰ, ਜਿਵੇਂ ਸਾਰਾ ਅਸਮਾਨ ਹੀ ਸਾੜ੍ਹੀ ਤੇ ਵਿਛਾ ਦਿਤਾ ਹੋਵੇ।'

ਕੰਪਨੀ ਦੇ ਬਜ਼ੁਰਗ ਮਜ਼ਦੂਰ ਆਪਸ ਵਿਚ ਗੱਲਾਂ-ਬਾਤਾਂ ਦੌਰਾਨ ਅਕਸਰ ਆਖਦੇ ਹਨ — 'ਅਜ ਤੀਕ ਐਨੇ ਮਾਸਟਰ ਉਹਨਾਂ ਨੇ ਵੇਖੇ ਨੇ — ਸਈਅਦ ਖਾਂ, ਸੂਪਨ, ਇਕਰਾਮੇ; ਬੂਟਾ ਸਿਉਂ — ਪਰ ਅਜਿਹਾ ਮਾਸਟਰ ਨਹੀਂ ਵੇਖਿਆ। ਉਹ ਹੋਰਨਾਂ ਮਾਸਟਰਾਂ ਵਰਗਾ ਘੁਮੰਡੀ ਨਹੀਂ। ਕਲਾਕਾਰ ਤਾਂ 'ਮਾਸਟਰ' ਵਰਗਾ ਹੋਣਾ ਚਾਹੀਦਾ ਏ — ਹੱਸਮੁਖ ਤੇ ਮਿਲਣਸਾਰ। ਉਹ ਆਪਣੇ ਆਪ ਨੂੰ ਸਾਥੋਂ ਅਲੱਗ ਨਹੀਂ ਸਮਝਦਾ, ਚਾਹੇ ਤਨਖ਼ਾਹ ਸਾਥੋਂ ਵਧ ਏ ਉਸ ਦੀ।'

ਮਾਸਟਰ ਇਸ ਕੰਪਨੀ ਵਿਚ ਪੰਜ ਸਾਲ ਪਹਿਲਾਂ ਆਇਆ ਸੀ। ਉਦੋਂ ਉਸ ਨੂੰ 'ਸਰਸਵਤੀ ਐਂਟਰ ਪਰਾਈਜ਼ਿਜ਼' ਤੋਂ ਮਜ਼ਦੂਰਾਂ ਨੂੰ ਭੜਕਾਉਣ ਦਾ ਦੋਸ਼ ਲਾ ਕੇ ਕੱਢ ਦਿਤਾ ਗਿਆ ਸੀ। ਪਹਿਲਾਂ ਪਹਿਲਾਂ ਕੋਈ ਵੀ ਮਜ਼ਦੂਰ ਉਸ ਨਾਲ ਗੱਲ ਨਹੀਂ ਸੀ ਕਰਦਾ। ਪਰ ਜਦੋਂ ਰਾਮ ਰਤਨ ਤੇਜ਼ਾਬ ਦੇ ਟੱਬ ਵਿਚ ਡਿੱਗ ਪਿਆ ਸੀ, ਤਾਂ 'ਮਾਸਟਰ' ਹੀ ਪਹਿਲਾ ਆਦਮੀ ਸੀ ਜਿਸ ਨੇ ਮੈਨੇਜਰ

ਨਾਲ ਕਾਫੀ ਦੇਰ ਤਕ ਜ਼ੋਰ-ਜ਼ੋਰ ਨਾਲ ਗੱਲਾਂ ਕੀਤੀਆਂ ਸਨ ਅਤੇ ਇਲਾਜ ਲਈ ਤਿੰਨ ਸੌ ਰੁਪਏ ਕੰਪਨੀ ਤੋਂ ਦਿਵਾਏ ਸਨ। ਫਿਰ ਉਸੇ ਦਿਨ ਤੋਂ ਸਭ ਸਮਝ ਗਏ, ਕਿ 'ਮਾਸਟਰ' ਉਹਨਾਂ ਦਾ ਸੱਚਾ ਦੋਸਤ ਹੈ ਜਿਹੜਾ ਉਸ 'ਪਰਸਾਦ' ਵਰਗਾ ਲੜਾਕੂ ਹੈ, ਜਿਸ ਦਾ ਮਾਲਕ ਨੇ ਬੋਨਸ ਦੇ ਝਗੜੇ ਸਮੇਂ ਖ਼ੂਨ ਕਰ ਦਿਤਾ ਸੀ। ਉਹਨਾਂ ਨੂੰ 'ਮਾਸਟਰ' ਵਿਚ 'ਪਰਸਾਦ' ਦਾ ਰੂਪ ਵਿਖਾਈ ਦਿੰਦਾ ਸੀ – ਨਿੱਡਰ ਅਤੇ ਹੌਂਸਲੇ ਵਾਲਾ। ਫਿਰ ਹੌਲੀ-ਹੌਲੀ ਮਜ਼ਦੂਰਾਂ ਦੇ ਦਿਲ ਵਿਚ ਮਾਸਟਰ ਲਈ ਥਾਂ ਬਣਦੀ ਚਲੀ ਗਈ। ਉਹ 'ਮਾਸਟਰ' ਵਲ ਖਿਚੇ ਚਲੇ ਗਏ। ਰੋਜ਼ ਹੀ ਜਦੋਂ ਖਾਣੇ ਦੀ ਘੰਟੀ ਵੱਜਦੀ, ਸਾਰੇ ਉਸ ਨੂੰ ਘੇਰੀ ਰਖਦੇ। ਗੱਲਾਂ ਹੁੰਦੀਆਂ ਰਹਿੰਦੀਆਂ। ਕੋਈ ਪੁਛਦਾ – "ਮਾਸਟਰ ਤੂੰ ਇਹ ਕੰਮ ਕਿਥੋਂ ਸਿੱਖਿਆ ?" ਉਹ ਕਹਿੰਦਾ, "ਮੈਂ ਕੰਮ ਕਿਤੋਂ ਨਹੀਂ ਸਿੱਖਿਆ ਵੀਰਿਆ; ਬਚਪਨ ਤੋਂ ਹੀ ਕਰਦਾ ਆਇਐਂ।"

"ਤੇਰਾ ਬਾਪੂ ਕੀ ਕਰਦਾ ਸੀ ?"

"ਉਹ ਪਿੰਡ ਵਿਚ ਹੀ ਇਕ ਰੰਗਰੇਜ਼ ਕੋਲ ਨੌਕਰੀ ਕਰਦਾ ਸੀ।"

ਇਸ ਤਰ੍ਹਾਂ ਦੀਆਂ ਗੱਲਾਂ ਹਰ ਰੋਜ਼ ਹੁੰਦੀਆਂ। ਇਸੇ ਤਰ੍ਹਾਂ ਹੌਲੀ-ਹੌਲੀ ਦਿਨ, ਮਹੀਨੇ ਅਤੇ ਸਾਲ ਬੀਤਦੇ ਚਲੇ ਗਏ। ਹੜਤਾਲਾਂ ਹੋਈਆਂ, ਤਾਲਾ-ਬੰਦੀਆਂ ਹੋਈਆਂ, ਘਿਰਾਉ ਹੋਏ। ਕੰਪਨੀ ਦੇ ਸਾਰੇ ਮਜ਼ਦੂਰਾਂ ਦੀ ਇਹ ਰਾਇ ਹੈ ਕਿ ਜੇ 'ਮਾਸਟਰ' ਨਾ ਹੁੰਦਾ ਤਾਂ ਉਹ ਕਾਸੇ ਜੋਗੇ ਨਾ ਰਹਿੰਦੇ, ਕੁਝ ਵੀ ਨਾ ਕਰ ਸਕਦੇ, ਕੁਝ ਵੀ ਨਾ ਮੰਨਵਾ ਸਕਦੇ। ਉਸੇ ਕਰਕੇ ਤਾਂ ਉਹਨਾਂ ਦਾ ਜੀਉਣਾ ਕੁਝ ਸੁਖਾਲਾ ਹੋਇਆ ਸੀ।

ਪਰੰਤੂ 'ਮਾਸਟਰ' ਦਾ ਕਹਿਣਾ ਹੈ – 'ਮੈਂ ਕੁਝ ਨਹੀਂ ਕੀਤਾ; ਸਗੋਂ ਸਾਰੇ ਲੋਕਾਂ ਨੇ ਮਿਲ ਕੇ, ਇਕੱਠੇ ਹੋ ਕੇ ਕੀਤਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਉਹਨਾਂ ਨੇ ਬਹੁਤ ਕੁਝ ਕਰਨਾ ਏਂ – ਹੜਤਾਲਾਂ, ਘਿਰਾਵਾਂ ਤੋਂ ਵੀ ਅਗੇ...।

o

ਪਿਛਲੇ ਇਕ ਹਫ਼ਤੇ ਤੋਂ 'ਮਾਸਟਰ' ਪਰੇਸ਼ਾਨ ਹੈ। ਉਸ ਦੀ ਪਤਨੀ ਬਿਮਾਰ ਹੈ। ਅਜਕਲ ਉਸ ਨੂੰ ਕੰਪਨੀ ਪਹੁੰਚਣ ਲਈ ਵੀ ਦੇਰ ਹੋ ਜਾਂਦੀ ਹੈ ਅਤੇ ਲੇਟ ਹੋਣ ਤੇ ਮਹਿਤਾ ਸਾਹਬ ਬਘਿਆੜ ਵਾਂਗ ਉਸ ਨੂੰ ਘੂਰਕਣ ਲਗਦੇ ਹਨ। ਦੋ ਮਿੰਟ ਲੇਟ ਹੋਇਆ ਨਹੀਂ, ਰਜਿਸਟਰ ਵਿਚ ਲਾਲ ਨਿਸ਼ਾਨ ਲਗਿਆ ਨਹੀਂ। ਕਦੀ-ਕਦੀ ਤਾਂ ਉਸ ਨੂੰ ਪਾਂਡੇ ਦੀਆਂ ਗੱਲਾਂ ਠੀਕ ਲਗਦੀਆਂ ਹਨ – 'ਸਾਲੇ ਮਹਿਤੇ ਦੇ ਬੱਚੇ ਨੂੰ ਇਕ ਦਿਨ ਤੇਜ਼ਾਬ ਦੇ ਟੱਬ ਵਿਚ ਸਾੜ੍ਹੀਆਂ ਵਾਂਗ ਡਬੋ ਦਿਆਂਗਾ' – ਪਰ ਉਹ ਅਜਿਹਾ ਚਾਹੁੰਦਾ ਨਹੀਂ। ਉਸ ਨੂੰ ਵੀ ਟਾਇਮ ਉਤੇ ਆਉਣਾ ਚਾਹੀਦਾ ਹੈ। ਉਹ ਅਕਸਰ ਪਾਂਡੇ ਨੂੰ ਸਮਝਾਉਂਦਾ ਹੈ ਕਿ ਅਜਿਹਾ ਕਰਨ ਨਾਲ ਭਲਾ ਕੀ ਹੋਵੇਗਾ ? ਕੋਈ ਹੋਰ 'ਮਹਿਤਾ' ਆ ਜਾਵੇਗਾ। ਕਿੰਨਿਆਂ ਕੁ ਨੂੰ ਡਬੋਂਦਾ ਰਹੇਂਗਾ ?

'ਮਾਸਟਰ' ਆਪਣੇ ਬੱਚਿਆਂ ਨੂੰ ਹਦਾਇਤਾਂ ਕਰਕੇ – 'ਅਨਿਲ ਮਾਂ ਕੋਲ ਰਹੀਂ' – ਉਸ ਦੀ ਤਬੀਅਤ ਖਰਾਬ ਏ।' ਝੁੱਗੀ ਵਿਚੋਂ ਬਾਹਰ ਨਿਕਲ ਆਇਆ। ਉਹ ਗਲੀ ਵਿਚੋਂ ਨਿਕਲ ਕੇ ਸੜਕ ਤੇ ਪਹੁੰਚਿਆ। ਉਸ ਨੇ ਸੜਕ ਉਤੇ ਦੇਸ਼ ਦੇ ਸ਼ਰੀਫ ਅਤੇ ਮਾਨਯੋਗ ਸ਼ਹਿਰੀ ਵੇਖੇ। ਉਹ ਸਮਝ ਗਿਆ ਕਿ ਸਮਾਂ ਸਵਾ ਦਸ ਦੇ ਨੇੜੇ-ਤੇੜੇ ਹੋ ਗਿਆ ਹੋਵੇਗਾ। ਉਸ ਨੇ ਮਾਰਟਿਨ-ਲਾਈਟ ਰੇਲਵੇ-ਪੁਲ ਉਤੋਂ ਸ਼ਾਰਟ-ਕੱਟ ਰਸਤਾ ਫੜ ਲਿਆ ਤੇ ਹਾਵੜਾ ਸਟੇਸ਼ਨ ਕੋਲ ਜਾ ਨਿਕਲਿਆ। ਉਸ ਨੇ ਇਧਰ-ਉਧਰ ਨਜ਼ਰਾਂ ਦੌੜਾਈਆਂ। ਸਭ ਲੋਕ ਅੰਡਰ ਗਰਾਊਂਡ ਰਸਤੇ ਥਾਣੀਂ ਆ-ਜਾ ਰਹੇ ਸਨ। ਸਰਕਾਰ ਨੇ ਜਨਤਾ ਦੀ ਸੇਵਾ ਲਈ ਕਿੰਨਾ ਵਧੀਆ ਕੰਮ ਕੀਤਾ ਹੈ। ਹੁਣ ਤਾਂ ਕਲਕੱਤੇ ਵਿਚ ਅੰਡਰ-ਗਰਾਊਂਡ ਰੇਲਾਂ ਵੀ ਚਲਿਆ ਕਰਨਗੀਆਂ ਭੀੜ ਵਿਚ ਲੋਕਾਂ ਦਾ ਦਮ ਨਹੀਂ ਘੁਟਿਆ ਕਰੇਗਾ ਤੇ ਨਾ ਹੀ ਬਹੁਤੇ ਐਕਸੀਡੈਂਟ...।

ਤਦੇ ਪੌਂ-ਪੌਂ ਦੀ ਅਵਾਜ਼ ਉਸ ਦੇ ਕੰਨਾਂ ਨਾਲ ਟਕਰਾ ਗਈ। ਉਸ ਨੇ ਘੁੰਮ ਕੇ ਵੇਖਿਆ ਤੇ ਬੁੜਬੁੜਾਇਆ, "ਅੱਠ-ਬੀ।" ਤੇ ਦੌੜ ਲਿਆ। ਦੌੜਿਆ ਜਾਂਦਾ ਹੀ ਬੱਸ ਨਾਲ ਲਟਕ ਗਿਆ। ਬੱਸ ਵਿਚ ਬਹੁਤ ਭੀੜ ਸੀ। ਧੱਕੇ ਦਿੰਦਾ ਉਹ ਲੋਕਾਂ ਦੀਆਂ ਲੱਤਾਂ ਵਿਚ ਨੂੰ ਵੜਦਾ ਬੱਸ ਦੇ ਵਿੱਚ ਵਿਚ ਜਾ ਵੜਿਆ। ਬੱਸ ਪੁਲ ਤੋਂ ਹੇਠ ਉਤਰ ਆਈ ਅਤੇ ਪਹਿਲੇ ਸਟਾਪ ਤੇ ਰੁਕੀ। ਉਸ ਨੂੰ ਬੈਠਣ ਜੋਗੀ ਥਾਂ ਮਿਲ ਗਈ। ਬੱਸ, ਹਿਚਕੋਲੇ ਖਾਂਦੀ ਰੁਕ-ਰੁਕ ਕੇ ਅਗੇ ਵਧ ਰਹੀ ਸੀ। ਸ਼ਾਇਦ ਸੜਕ ਬੱਸ ਨਾਲੋਂ ਬਹੁਤੀ ਟੁੱਟੀ-ਭੱਜੀ ਸੀ।

ਕੰਡਕਟਰ 'ਟਿਕਟ-ਬਈ – ਟਿਕਟ-ਬਈ...ਕੋਈ ਬਿਨਾਂ ਟਿਕਟੋਂ ਨਾ ਹੋਵੇ' ਕਹਿੰਦਾ ਉਸ ਦੇ ਨੇੜੇ ਆ ਗਿਆ। ਉਸ ਦੇ ਮੂੰਹ ਵਿਚੋਂ ਹੌਲੀ ਜਿਹੇ ਨਿਕਲਿਆ, "ਪੰਦਰਾਂ।" ਅਤੇ ਉਹ ਜੇਬ ਵਿਚੋਂ ਪੈਸੇ ਕੱਢਣ ਲੱਗਾ। ਕੰਡਕਟਰ ਨੇ ਉਹਦੇ ਹੱਥਾਂ ਵਿਚ ਟਿਕਟ ਫੜਾਈ ਤੇ ਪਹਿਲਾਂ ਵਾਂਗ ਹੀ ਬੋਲਦਾ, ਸਵਾਰੀਆਂ ਨੂੰ ਧੱਕਦਾ, ਅਗੇ ਲੰਘ ਗਿਆ।

"ਗਰੀਸ ਪਾਰਕ।" ਕੰਡਕਟਰ ਦੀ ਅਵਾਜ਼ ਸੁਣ ਉਹ ਬੱਸ ਵਿਚੋਂ ਉਤਰ ਗਿਆ। ਥੋੜੀ ਦੇਰ ਤੁਰਨ ਮਗਰੋਂ ਉਹ ਕੰਪਨੀ ਦੇ ਗੇਟ ਦੇ ਸਾਹਮਣੇ ਸੀ। ਗੇਟ ਤੇ ਪਹਿਰੇਦਾਰ ਇਕੱਲਾ ਬੈਠਾ ਸੀ। ਅਜ ਉਸ ਨੇ ਹੋਰ ਦਿਨਾਂ ਵਾਂਗ ਉਸ ਨਾਲ ਕੋਈ ਗੱਲ ਨਾ ਕੀਤੀ। ਉਹ

ਹਰ ਰੋਜ਼ ਉਸ ਕੋਲ ਬਹਿ ਕੇ ਦੁਖ-ਸੁਖ ਦੀਆਂ ਗੱਲਾਂ ਕਰਿਆ ਕਰਦਾ ਸੀ ਤੇ ਦਸ ਦਾ ਘੰਟਾ ਵੱਜਣ ਸਾਰ ਉਠ ਕੇ ਕੰਮ ਤੇ ਚਲਾ ਜਾਇਆ ਕਰਦਾ ਸੀ। ਉਸ ਨੇ ਪਹਿਰੇਦਾਰ ਨੂੰ ਸਲਾਮ ਮਾਰੀ ਤੇ ਤੇਜ਼ ਤੇਜ਼ ਕਦਮ ਪੁਟਦਾ ਅੰਦਰ ਲੰਘ ਗਿਆ।

o

ਉਹ ਡਰੈਸਿੰਗ ਰੂਮ ਵਿਚ ਦਾਖਲ ਹੋਇਆ ਤੇ ਆਪਣੇ ਕਪੜੇ ਉਤਾਰ ਕੰਪਨੀ ਦੇ ਕਪੜੇ ਪਹਿਨ ਲਏ। ਰੰਗਾਂ ਦੀ ਬਦਬੋ ਨਾਲ ਉਸ ਦਾ ਜੀਅ ਮਿਤਲਾਉਣ ਲੱਗ ਪਿਆ। ਪੈਂਟ ਕਮੀਜ਼ ਵਲ ਉਸਨੇ ਗਹੁ ਨਾਲ ਵੇਖਿਆ — ਲਾਲ, ਪੀਲਾ, ਵੈਂਗਣੀ, ਹਰਾ — ਰੱਬ ਜਾਣੇ ਕਿੰਨੇ ਸਾਰੇ ਰੰਗਾਂ ਦੇ ਧੱਬੇ ਲਗੇ ਹੋਏ ਸਨ। ਅਜਿਹੇ ਸਮੇਂ ਉਸ ਨੂੰ ਅਕਸਰ ਇੰਜ ਲਗਦਾ ਹੈ ਕਿ ਇਹ ਬਦਨੁਮਾਂ ਦਾਗ਼ ਨੇ ਜਿਹੜੇ ਉਸ ਦੇ ਸਾਰੇ ਸਾਥੀ ਮਜ਼ਦੂਰਾਂ ਦੇ ਕਪੜਿਆਂ ਨਾਲ ਚਿਪਕੇ ਹੋਏ ਨੇ, ਜੋਕਾਂ ਵਾਂਗ। ਅਤੇ ਜਦੋਂ ਤੀਕ ਕਪੜਾ ਫਟ ਨਾ ਜਾਵੇ ਅਤੇ ਉਸ ਨੂੰ ਉਤਾਰ ਕੇ ਸੁੱਟ ਨਾ ਦਿਤਾ ਜਾਵੇ — ਧੱਬਿਆਂ ਦੀ ਹੋਂਦ ਬਰਕਰਾਰ ਰਹੇਗੀ। ਚਿਪ-ਚਿਪਾਹਟ ਜਾਰੀ ਰਹੇਗੀ। ਜੀਅ ਮਿਤਲਾਉਂਦਾ ਰਹੇਗਾ ਤੇ ਦਮ ਘੁਟਦਾ ਰਹੇਗਾ।

ਉਹ ਡਰੈਸਿੰਗ ਰੂਮ ਵਿਚੋਂ ਬਾਹਰ ਨਿਕਲ ਆਇਆ ਅਤੇ ਗੁਦਾਮਾਂ ਕੋਲੋਂ ਲੰਘਦਾ ਵਰਕਿੰਗ ਹਾਲ ਵਿਚ ਪਹੁੰਚ ਗਿਆ। ਉਸ ਨੇ ਹਾਲ ਵਿਚ ਆਪਣੀਆਂ ਨਜ਼ਰਾਂ ਦੌੜਾਈਆਂ। ਸਾਰੇ ਸਾਥੀ ਮੇਜ਼ ਪਰ ਆਪਣੇ ਆਪਣੇ ਕੰਮ ਵਿਚ ਰੁਝੇ ਹੋਏ ਸਨ। ਕੰਮ ਸ਼ੁਰੂ ਹੋ ਚੁਕਾ ਸੀ। ਮੋਮ ਟੇਬਲ ਉਤੇ ਸਾੜ੍ਹੀਆਂ ਵਿਛਾ ਦਿਤੀਆਂ ਗਈਆਂ ਸਨ। ਫਰਮੇਂ ਤਿਆਰ ਸਨ। ਕਿਸ਼ਨਾ ਛੋਟੀ ਛੋਟੀ ਕੱਲੂ ਦੀਆਂ ਰੰਗੀਆਂ ਸਾੜ੍ਹੀਆਂ ਨੂੰ ਤਹਿ ਕਰ ਰਿਹਾ ਸੀ। ਉਹ ਵੀ ਆਪਣੇ ਕੰਮ ਵਿਚ ਜਾ ਰੁਝਿਆ। ਰੰਗ ਦੇ ਢੱਕਣ ਖੁਲ੍ਹਣ ਲੱਗੇ। ਉਸ ਦੇ ਆਦੀ-ਹੱਥ ਮਸ਼ੀਨ ਦੀ ਤਰ੍ਹਾਂ ਚਲਣ ਲਗੇ। ਉਹ ਰੰਗ ਤਿਆਰ ਕਰਨ ਲੱਗਾ। ਸਾਰੇ ਰੰਗ ਲੈ ਜਾ ਕੇ ਫਰਮੇਂ ਉਤੇ ਲਾ-ਲਾ ਟੇਬਲ ਉਤੇ ਵਿਛੀਆਂ ਸਾੜ੍ਹੀਆਂ ਤੇ ਛਾਪਣ ਲਗਾ। ਖਟ-ਖਟ ਦੀ ਇਕ ਜਾਣੀ-ਪਛਾਣੀ ਅਵਾਜ਼ ਇਧਰ ਉਧਰ ਦੌੜਨ ਲਗੀ। ਸਾੜ੍ਹੀਆਂ ਪ੍ਰਿੰਟ ਕਰਕੇ ਟੰਗੀਆਂ ਜਾਣ ਲੱਗ ਪਈਆਂ। ਤਦੋਂ ਹਾਲ ਵਿਚ ਮਹਿਤਾ ਸਾਹਿਬ ਤਸ਼ਰੀਫ਼ ਲੈ ਆਏ। ਇਸ ਦੇ ਨਾਲ ਹੀ ਟੇਬਲ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੀਕ ਹਰ ਕਿਸੇ ਵਿਚ ਵਧ ਫੁਰਤੀ ਆ ਗਈ ਤੇ ਖਟ-ਖਟ ਦੀ ਅਵਾਜ਼ ਵੀ ਤੇਜ਼ ਹੋ ਗਈ। ਮਹਿਤਾ ਸਾਹਬ 'ਮਾਸਟਰ' ਕੋਲ ਜਾ ਕੇ ਬੋਲੇ:

"ਕੁਝ ਨਵੀਆਂ ਗੰਢਾਂ ਆਈਆਂ ਨੇ, ਉਹਨਾਂ ਨੂੰ ਪ੍ਰਿੰਟ ਕਰਨਾ ਹੈ। ਇਹਨਾਂ ਸਾੜ੍ਹੀਆਂ ਨੂੰ ਛਡ ਦਿਉ, ਇਹ ਐਨਾ ਅਰਜੰਟ ਨਹੀਂ — ਹਾਂ, ਸੁਣੋ — ਵਧੀਆ ਰੰਗ ਬਣਾਉਣਾ। ਬਹੁਤ ਕੀਮਤੀ ਮਾਲ ਹੈ। ਰੰਗ ਮੈਂ ਸਪੈਸ਼ਲ ਮੰਗਵਾ ਦਿਤਾ ਹੈ। ਫਰਮੇਂ ਵੀ ਨਵੇਂ ਡਿਜ਼ਾਇਨ ਦੇ ਨੇ। ਮੈਂ ਉਹ ਘੱਲ ਦੇਂਦਾ ਹਾਂ। ਯਾਦ ਰਖਣਾ, ਕੰਮ ਬਹੁਤ ਅਰਜੰਟ ਏ।" ਅਤੇ ਉਹ ਬਾਹਰ ਚਲੇ ਗਏ।

ਮਹਿਤਾ ਸਾਹਬ ਦੇ ਹਾਲ ਤੋਂ ਬਾਹਰ ਨਿਕਲਦਿਆਂ ਹੀ, ਰਾਮ ਨਾਥ, ਜਿਹੜਾ ਮਹਿਤਾ ਸਾਹਬ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣ ਰਿਹਾ ਸੀ; ਮਾਸਟਰ ਦੇ ਕੋਲ ਜਾ ਖੜਿਆ। ਮਾਸਟਰ ਰੰਗ ਘੋਲਦਾ ਬੋਲਿਆ —

"ਕੀ ਏ ਰਾਮ ਨਾਥ?"

"ਕੁਝ ਨਹੀਂ... ਹੁਣੇ ਹੁਣੇ ਮਹਿਤਾ ਸਾਹਬ ਜਿਹੜੀ ਗੱਲ ਕਹਿ ਗਿਆ ਏ। ਉਹਦੇ ਬਾਰੇ 'ਚ ਤੈਨੂੰ ਕੁਝ ਕਹਿਣਾ ਚਾਹੁੰਦੇ।"

"ਕਹਿ, ਇਹਦੇ 'ਚ ਪੁੱਛਣ ਵਾਲੀ ਕਿਹੜੀ ਗੱਲ ਏ?"

"ਮਾਸਟਰ, ਤੂੰ ਤੇ ਜਾਣਦਾ ਹੀ ਏ—ਆਪਾਂ ਐਥੇ ਘੱਟ ਮੁੱਲ ਵਾਲੀਆਂ ਸਾੜੀਆਂ ਪ੍ਰਿੰਟ ਕਰਦੇ ਹਾਂ। ਅੱਜ ਪਹਿਲੀ ਵਾਰੀ ਇਹ ਹੋਇਐ ਕਿ ਕੰਪਨੀ ਕੋਲ ਕੀਮਤੀ ਸਾੜ੍ਹੀਆਂ ਪ੍ਰਿੰਟ ਹੋਣ ਲਈ ਆਈਆਂ ਨੇ... ਕਿਧਰੇ ਅਜਿਹੀ ਗੱਲ ਤਾਂ ਨਹੀਂ ਕਿ ਮਾਲ ਕਿਸੇ ਕੰਪਨੀ ਦਾ ਹੋਵੇ ਤੇ ਉਥੇ ਆਪਣੇ ਵਰਗ.. ।"

ਰਾਮ ਨਾਥ ਦੀ ਗੱਲ ਸੁਣ ਕੇ ਮਾਸਟਰ ਜਿਵੇਂ ਅਸਮਾਨ ਵਿਚ ਲਟਕ ਗਿਆ ਉਸ ਦੇ ਦਿਮਾਗ ਵਿਚ ਹਜ਼ਾਰਾਂ ਗੱਲਾਂ ਨੱਚਣ ਲੱਗੀਆਂ। ਉਸ ਨੂੰ ਵਿਸ਼ਵਾਸ਼ ਨਹੀਂ ਸੀ ਹੋ ਰਿਹਾ ਕਿ ਰਾਮ ਨਾਥ ਅਜਿਹੀ ਗੱਲ ਵੀ ਸੋਚ ਸਕਦਾ ਹੈ। ਉਹ ਆਪ ਵੀ ਅਜਿਹਾ ਨਹੀਂ ਸੀ ਸੋਚ ਸਕਿਆ। ਉਸ ਨੂੰ ਰਾਮ ਨਾਥ ਦੀ ਗੱਲ ਬਿਲਕੁਲ ਸੱਚੀ ਲੱਗੀ। ਜੇ ਉਸ ਕੰਪਨੀ ਦੇ ਸਾਥੀ ਮਜ਼ਦੂਰਾਂ ਨੇ ਕੰਮ ਬੰਦ ਕਰ ਦਿਤਾ ਹੋਇਆ ਤਾਂ ਸਾਡਾ ਕੰਮ ਕਰਨਾ ਬੁਰੀ ਗੱਲ ਹੋਵੇਗੀ। ਇਹ ਤਾਂ ਆਪਣੇ ਹੀ ਪੈਰਾਂ ਤੇ ਕੁਹਾੜੀ ਮਾਰਨ ਵਾਲੀ ਗੱਲ ਹੋਵੇਗੀ।

"ਕੀ ਸੋਚੀਂ ਪੈ ਗਿਆ ਏ, ਮਾਸਟਰ!" ਰਾਮ ਨਾਥ ਹੌਲੀ ਜਿਹੇ ਬੋਲਿਆ।

"ਹੈਂ... ਤੂੰ ਠੀਕ ਕਹਿਨਾ ਏਂ——ਆਪਾਂ ਪਹਿਲਾਂ ਇਸ ਗੱਲ ਦਾ ਪਤਾ ਕਰ ਲਈਏ ਕਿ ਮਾਲ ਕਿਸ ਕੰਪਨੀ ਦਾ ਏ ਤੇ ਉਥੇ...ਹਾਂ, ਸੁਣ, ਤੂੰ ਇਕੱਲਾ ਮਹਿਤਾ ਸਾਹਿਬ ਨੂੰ ਪੁੱਛੀਂ ਜ਼ਰਾ, ਮੈਂ ਬਾਹਰ ਖੜ੍ਹਦਾ ਏਂ।"

ਹੁਣ ਉਹ ਦੋਨੋਂ ਮਹਿਤਾ ਸਾਹਬ ਦੇ ਦਫ਼ਤਰ ਦੇ ਸਾਮ੍ਹਣੇ ਸਨ। ਮਾਸਟਰ ਨੇ ਹੌਲੀ ਜਿਹੇ ਕਿਹਾ, "ਜਾਹ।" ਰਾਮ ਨਾਥ ਅੰਦਰ ਚਲਾ ਗਿਆ। ਉਸ ਦੀ ਅਵਾਜ਼ ਹਵਾ ਵਿਚ ਤੈਰਦੀ ਹੋਈ ਮਾਸਟਰ ਦੇ ਕੰਨਾਂ ਨਾਲ ਟਕਰਾਉਣ ਲੱਗੀ:

'ਸਾਹਬ, ਇਹ ਮਾਲ ਕਿਹੜੇ ਕਾਰਖ਼ਾਨੇ ਦਾ ਏ?

ਕਿਤੇ ਉਕੇ ਕੰਮ ਬੰਦ ਤਾਂ ਨਹੀਂ ?"

ਰਾਮ ਨਾਥ ਦੀ ਗੱਲ ਜਿਵੇਂ ਗਰਮ ਪਾਰਾ ਬਣ੍ਹ ਮਹਿਤਾ ਸਾਹਬ ਦੇ ਕੰਨ 'ਚ ਉਲੱਦੀ ਗਈ ਹੋਵੇ। ਮਹਿਤਾ ਸਾਹਬ ਝੁੰਝਲਾ ਗਏ। ਅਜਿਹੀ ਗੱਲ ਸੁਣਨ ਲਈ ਉਹ ਬਿਲਕੁਲ ਤਿਆਰ ਨਹੀਂ ਸਨ। ਉਹਨਾਂ ਦੇ ਚਿਹਰੇ ਦੇ ਭਾਵ ਬਦਲਣ ਲੱਗੇ ਕੁਝ ਦੇਰ ਚੁੱਪ ਰਹਿਣ ਮਗਰੋਂ ਬੋਲੇ —

"ਤੈਨੂੰ ਕੀ ਮਤਲਬ ? ਮਾਲ ਕਿਸੇ ਕੰਪਨੀ ਦਾ ਵੀ ਹੋਵੇ ਭਾਵੇਂ ਤੁਹਾਡੇ ਲੋਕਾਂ ਦੇ ਸਿਰ ਤੇ ਹਰ ਸਮੇਂ ਹੜਤਾਲ-ਫੜਤਾਲ ਦੀ ਹੀ ਧੁਨ ਸਵਾਰ ਰਹਿੰਦੀ ਏ। ਚੱਲ ਕੇ ਕੰਮ ਕਰ ਆਪਣਾ। ਕੰਪਨੀ ਤੁਹਾਨੂੰ ਪੈਸੇ ਦਿੰਦੀ ਏ. ਮਾਲ ਚਾਹੇ ਜਿਥੋਂ ਦਾ ਮਰਜ਼ੀ ਹੋਵੇ। ਤੁਸੀਂ ਤਾਂ ਕੰਮ ਕਰਨਾ ਏ...... ਚੱਲ. ...ਜਾਹ.... ਜਾਹ।"

ਰਾਮ ਨਾਥ ਦਫ਼ਤਰੋਂ ਬਾਹਰ ਨਿਕਲ ਮਾਸਟਰ ਕੋਲ ਆ ਗਿਆ। ਉਹ ਦੋਨੋਂ ਇਕੱਠੇ ਹੀ ਤੁਰ ਪਏ ਤੇ ਗੱਲਾਂ ਕਰਦੇ ਕਰਦੇ ਹਾਲ 'ਚ ਪਹੁੰਚ ਗਏ। ਗੱਲਾਂ ਹੌਲੀ ਹੌਲੀ ਟਪੂਸੀਆਂ ਮਾਰਦੀਆਂ ਇਕ ਟੇਬਲ ਤੋਂ ਦੂਜੇ-ਤੋਂ ਤੀਜੇ, ਚੌਥੇ, ਪੰਜਵੇਂ, ਛੇਵੇਂ ਟੇਬਲ ਤੱਕ ਪਹੁੰਚ ਗਈਆਂ। ਸਾਰੇ ਹੈਰਾਨ ਹੋ ਕੇ ਰਾਮ ਨਾਥ ਵੱਲ ਵੇਖਣ ਲੱਗੇ। ਫਿਰ ਕੁਝ ਗੱਲਾਂ ਚਹਿਚਹਾਉਂਦੇ ਪੰਛੀਆਂ ਵਾਂਗ ਇਧਰ ਉੱਧਰ ਘੁੰਮਣ ਲੱਗੀਆਂ—"ਇਹ ਕੰਮ ਨਹੀਂ ਕਰਨਾ, ਜਦੋਂ ਤੱਕ ਸਚਾਈ ਨਹੀਂ ਦੱਸੀ ਜਾਂਦੀ।"

"ਆਪਾਂ ਲੰਚ ਸਮੇਂ ਮਹਿਤਾ ਸਾਹਬ ਨਾਲ ਸਪੱਸ਼ਟ ਗੱਲ ਕਰਾਂਗੇ।"

"ਉਹਨਾਂ ਲੋਕਾਂ ਦਾ ਵੀ ਤਾਂ ਆਪਣੇ ਵਰਗਾ ਹੀ ਟੱਬਰ ਏ।"

"ਆਪਾਂ ਉਹਨਾਂ ਦਾ ਸਾਥ ਦੇਣਾ ਏ।"

"ਵਕਤ ਪੈਣ ਤੇ ਆਪਣੇ ਹੀ ਕੰਮ ਆਉਂਦੇ ਨੇ।"

ਉਹ ਹੜ੍ਹ ਦੇ ਪਾਣੀ ਵਾਂਗ ਮਹਿਤਾ ਸਾਹਿਬ ਦੇ ਦਫ਼ਤਰ ਵਲ ਚੱਲ ਪਏ। ਉਹ ਲਗਾਤਾਰ ਆਪਸ ਵਿਚ ਗੱਲਾਂ ਕਰੀ ਜਾ ਰਹੇ ਸਨ। ਕੋਈ ਕੋਈ ਗੱਲਾਂ ਕਰਦਾ ਕਰਦਾ ਮੁੱਠੀਆਂ ਮੀਚ ਕੇ ਦੰਦ ਕਿਰਚਣ ਲੱਗ ਪੈਂਦਾ। ਉਹਨਾਂ ਦੇ ਇਕੱਠੇ ਹੋ ਕੇ ਤੁਰਨ ਨਾਲ ਫੌਜ ਦੇ ਸਿਪਾਹੀਆਂ ਦੀ ਪਰੇਡ ਵਰਗੀ ਅਵਾਜ਼ ਪੈਦਾ ਹੋ ਰਹੀ ਸੀ।

ਹੁਣ ਉਹ ਮਹਿਤਾ ਸਾਹਬ ਦੇ ਦਫ਼ਤਰ ਦੇ ਐਨ ਸਾਮ੍ਹਣੇ ਸਨ। ਗੱਲਾਂ ਬੰਦ ਹੋ ਗਈਆਂ ਸਨ। ਸਾਰੇ ਅੱਖਾਂ-ਅੱਖਾਂ ਵਿਚ ਹੀ ਗੱਲਾਂ ਕਰੀ ਜਾ ਰਹੇ ਸਨ। ਤਦੇ ਮਾਸਟਰ ਦੀ ਅਵਾਜ਼ ਆਈ, "ਕੁਝ ਬੰਦੇ ਮੇਰੇ ਨਾਲ ਅੰਦਰ ਚਲੋ।"

ਅੱਠ-ਦਸ ਬੰਦੇ ਉਸ ਨਾਲ ਚਲੇ ਗਏ। ਬਾਕੀ ਬਾਹਰ ਖੜੇ ਰਹੇ। ਪਰ ਉਹਨਾਂ ਸਾਰਿਆਂ ਦਾ ਦਿਲ ਦਿਮਾਗ਼ ਅੰਦਰ ਦਫ਼ਤਰ ਵਿਚ ਹੀ ਸੀ।

"ਸਾਹਬ, ਤੁਹਾਨੂੰ ਇਹ ਦੱਸਣ ਵਿਚ ਕੀ ਤਕਲੀਫ਼ ਏ,ਕਿ ਮਾਲ ਕਿਸ ਕਾਰਖ਼ਾਨੇ ਦਾ ਹੈ ਤੇ ਉਥੋਂ ਦੇ ਹਾਲਾਤ ਕੀ ਨੇ ?"

ਮਾਸਟਰ ਦੀ ਅਵਾਜ਼ ਨਾਲ ਦਫ਼ਤਰ ਦਾ ਕਿਣਕਾ ਕਿਣਕਾ ਖ਼ਾਮੋਸ਼ੀ ਵਿਚ ਡੁੱਬ ਗਿਆ। ਮਹਿਤਾ ਸਾਹਬ ਆਪਣੇ ਕੋਚ ਤੇ ਪਾਸੇ ਬਦਲਣ, ਲੱਗ ਪਏ। ਮੱਥੇ ਉਤੇ ਕੁਝ ਅਸਪਸ਼ਟ ਜਿਹੀਆਂ ਲਕੀਰਾਂ ਉੱਭਰ ਆਈਆਂ। ਪਹਿਲਾਂ ਉਹ ਫਾਇਲ ਦੇ ਕਾਗਜ਼ ਪਲਟਦੇ, ਇਕੱਲੇ-ਦੇ ਚਿਹਰੇ ਵੱਲ ਘੂਰਦੇ ਰਹੇ ਫਿਰ ਤਿੱਖੀ ਅਵਾਜ਼ 'ਚ 'ਚ ਬੋਲੇ।

"ਹਰ ਗੱਲ ਵਿਚ ਹੁੱਜਤ... ਮੈਂ ਕਹਿੰਦਾ ਹਾਂ, ਤੁਹਾਨੂੰ ਕੀ ਵੀ ਹੋਵੇ ਇਸ ਨਾਲ ਤੁਹਾਨੂੰ ਕੀ ? ਉਥੇ ਅਜਿਹੀ ਕੋਈ ਗੱਲ ਨਹੀਂ, ਜਿਹੜੀ ਤੁਹਾਡੇ ਸਿਰਾਂ 'ਚ ਆ ਵੜੀ ਏ।"

"ਦੇਖੋ ਸਾਹਬ! ਜਦ ਤੱਕ ਸਾਨੂੰ ਪੂਰੀ ਜਾਣਕਾਰੀ ਨਹੀਂ ਮਿਲਦੀ ਅਸੀਂ ਕੰਮ...।"

"ਦੇਖੋ, ਤੁਸੀਂ ਲੋਕ ਸਮਝਦੇ ਕਿਉਂ ਨਹੀਂ ਹੋ ? ਛੋਟੀਆਂ-ਛੋਟੀਆਂ ਗੱਲਾਂ ਵਿਚ ਉਲਝ ਜਾਂਦੇ ਹੋ, ਜਦੋਂ ਕਿ ਕੰਪਨੀ ਤੁਹਾਡੀਆਂ ਸਭ ਜਾਇਜ਼-ਨਜਾਇਜ਼ ਮੰਗਾਂ ਨੂੰ ਸਮੇਂ ਸਮੇਂ ਤੇ ਪੂਰਾ ਕਰਦੀ ਆਈ ਏ। ਤਾਂ ਫਿਰ... ਜਾਣਦੇ ਹੋ ਤੁਸੀਂ ਕਿ ਇਹਦੇ ਨਾਲ ਦੋਨਾਂ ਧਿਰਾਂ ਦਾ ਨੁਕਸਾਨ ਏ। ਸਿਆਣਪ ਤੋਂ ਕੰਮ ਲਓ... ਜਾਓ ਲੰਚ ਲੈ ਕੇ ਆਪਣਾ ਕੰਮ ਸ਼ੁਰੂ ਕਰੋ।" ਮਹਿਤਾ ਸਾਹਬ ਨੇ ਗਿਰਗਟ ਵਾਂਗ ਰੰਗ ਬਦਲਦਿਆਂ ਕਿਹਾ।

"ਪਰ ਮਾਲ ਬਾਰੇ ਤੁਸੀਂ ਕੁਝ ਦੱਸਿਆ ਹੀ ਨਹੀਂ, ਕਿਥੋਂ ਦਾ ਏ ?"

"ਕਮਾਲ ਹੈ ਯਾਰ... ਇਕ ਵਾਰੀ ਦੱਸ ਦਿੱਤਾ ਏ ਤੁਹਾਨੂੰ .. ਬਈ ਅਜਿਹੀ ਕੋਈ ਗੱਲ ਨਹੀਂ।" ਉਹ ਸਾਰਿਆਂ ਦੀ ਗੱਲ ਨੂੰ ਟਾਲਦੇ ਰਹੇ।

ਮਹਿਤਾ ਸਾਹਬ ਦੀ ਇਸ ਗੱਲ ਨਾਲ ਮਾਸਟਰ ਬੋਲ੍ਹਿਆ, "ਖ਼ੈਰ, ਅਸੀਂ ਲੰਚ ਲੈਣ ਜਾ ਰਹੇ ਹਾਂ। ਤੁਸੀਂ ਉਥੇ ਹੀ ਖ਼ਬਰ ਭਿਜਵਾ ਦਿਉ ਕਿ...।" ਅਤੇ ਉਹ ਸਾਰੇ ਦਫ਼ਤਰੋਂ ਬਾਹਰ ਹੋ ਗਏ। ਮਹਿਤਾ ਸਾਹਬ ਦੀਆਂ ਅੱਖਾਂ ਵਿਚੋਂ ਚੰਗਿਆੜੇ ਨਿਕਲਣ ਲੱਗ ਪਏ। ਉਹ ਦਫਤਰ ਵਿਚ ਇਕੱਲੇ ਰਹਿ ਗਏ। ਉਹਨਾਂ ਨੂੰ ਡਰ ਜਿਹਾ ਲੱਗਣ ਲੱਗਾ। ਕੀ ਕਰਨ ? ਕੀ ਨਾ ਕਰਨ ? ਮਨ ਵਿਚੋਂ ਇਹ ਸਵਾਲ ਬਾਰ-ਬਾਰ ਸਿਰ੍ਹ ਚੁੱਕ ਰਿਹਾ ਸੀ ਪਰ ਕੋਈ ਹੱਲ ਨਜ਼ਰ ਨਹੀਂ ਸੀ ਆ ਰਿਹਾ। ਉਹ ਬੁੜਬੁੜਾ ਰਹੇ ਸਨ।

"ਸਾਲਿਆਂ ਨੇ ਨੱਕ ਵਿਚ ਦਮ ਕਰ ਰੱਖਿਆ ਏ।

ਚੈਨ ਨਾਲ ਇਕ ਪਲ ਨਹੀਂ ਟਿਕਣ ਦੇਂਦੇ।"

ਉਹ ਸਾਰੇ ਦਫਤਰੋਂ ਨਿਕਲ ਕੇ ਮੈਦਾਨ ਵੱਲ ਚੱਲ ਪਏ ਸਨ। ਆਪਣੇ-ਆਪਣੇ ਰੋਟੀ ਵਾਲੇ ਡੱਬਿਆਂ ਅਤੇ ਪੋਟਲੀਆਂ ਨੂੰ ਸੰਭਾਲੀ ਹੁਣ ਉਹ ਬੜੀ ਗਰਮ ਜੋਸ਼ੀ ਨਾਲ ਗੱਲਾਂ ਕਰ ਰਹੇ ਸਨ। ਵਿਚੋਂ ਹੀ ਥੋੜ੍ਹੇ ਚਿਰ ਮਗਰੋਂ ਕੋਈ ਬਾਂਹ ਉਲਾਰ ਕੇ ਨਾਹਰਾ ਮਾਰ ਦੇਂਦਾ ਤਾਂ ਸਾਰੇ ਇਕੱਠੇ ਹੋ ਕੇ ਉਹਦਾ ਜਵਾਬ ਦੇਂਦੇ। ਮੈਦਾਨ 'ਚ ਪਹੁੰਚ ਸਾਰੇ ਬੈਠਣ ਲੱਗੇ। ਕੁਝ ਨਲਕੇ ਤੇ, ਕੁਝ ਤਲਾ ਤੇ ਹੱਥ ਮੂੰਹ ਧੋਣ ਚਲੇ ਗਏ। ਮਾਸਟਰ ਵੀ ਥੋੜਾ ਕੋਸਟਕ ਲੈ ਕੇ ਹੱਥ ਧੋਣ ਲੱਗਿਆ। ਉਸ ਨੂੰ ਯਾਦ ਆਇਆ—ਜਦੋਂ ਉਹ ਛੋਟਾ ਸੀ ਤਾਂ ਉਸ ਦਾ ਬਾਪੂ ਕਾਸਟਕ ਨਾਲ ਹੱਥ ਧੋਇਆ ਕਰਦਾ ਸੀ, ਰੰਗਾਂ ਨੂੰ ਲਾਹੁਣ ਲਈ। ਉਹ ਬਾਪੂ ਨੂੰ ਕਿਹਾ ਕਰਦਾ ਸੀ, "ਬਾਪੂ, ਮੈਂ ਇਹਨੂੰ ਹੱਥ ਲਾਉਂਦੈ ਮੇਰਾ ਤਾਂ ਹੱਥ ਜਲਣ ਲੱਗ ਜਾਂਦੈ, ਤੈਨੂੰ ਕੁਝ ਨਹੀਂ ਹੁੰਦਾ?" ਤਾਂ ਬਾਪੂ ਕਹਿੰਦਾ ਹੁੰਦਾ ਸੀ, "ਗਰੀਬਾਂ ਦੇ ਹੱਥ ਕੰਮ ਕਰਦੇ-ਕਰਦੇ ਬਹੁਤ ਸਖ਼ਤ ਹੋ ਜਾਂਦੇ ਨੇ।" ਸੱਚਮੁਚ ਹੁਣ ਉਸ ਦੇ ਹੱਥ ਵੀ ਕਿੰਨੇ ਸਖ਼ਤ ਹੋ ਗਏ ਸਨ।

ਸੂਰਜ ਸਿਰਾਂ ਤੇ ਆ ਗਿਆ ਸੀ। ਆਕਾਸ਼ ਵਿਚ ਬੱਦਲਾਂ ਦੇ ਟੋਟੇ ਘੁੰਮ ਰਹੇ ਸਨ—ਇਕ ਦੂਜੇ ਦੇ ਮਗਰ। ਮੈਦਾਨ ਵਿਚ ਲੱਗੇ ਨਾਰੀਅਲ ਦੇ ਦਰਖਤਾਂ ਪਰ ਪੰਛੀਆਂ ਦੀ ਟੈਂ-ਟੈਂ ਦੀ ਮਿੱਠੀ ਅਵਾਜ਼ ਨਾਲ ਪੂਰਾ ਮੈਦਾਨ ਗੂੰਜ ਰਿਹਾ ਸੀ। ਮੈਦਾਨ ਦੇ ਨਾਲ ਲਗਦੇ ਤਲਾ ਵਿਚ ਬੱਗਲੇ ਮੱਛੀਆਂ ਦੀ ਤਲਾਸ਼ ਵਿਚ ਕੰਢੇ ਦੇ ਨਾਲ ਸਿਰੇ ਤੱਕ ਬੈਠੇ ਹੋਏ ਸਨ। ਇੰਜ ਲਗਦਾ ਸੀ ਜਿਵੇਂ ਮੱਛੀਆਂ ਬੱਗਲਿਆਂ ਦੀ ਚਾਲ ਤੋਂ ਜਾਣੂ ਹੋ ਗਈਆਂ ਹੋਣ। ਹੁਣ ਉਹ ਤਲਾ ਦੀ ਹੇਠਲੀ ਤਹਿ ਵਿਚ ਹੀ ਘੁੰਮਦੀਆਂ ਰਹਿੰਦੀਆਂ ਹੋਣ।

ਮਾਸਟਰ ਹੱਥ ਮੂੰਹ ਧੋ ਕੇ ਮੁੜਿਆ ਤੇ ਪੋਣਾ ਖੋਹਲ ਰੋਟੀ ਖਾਣ ਬਹਿ ਗਿਆ। ਸਾਰੇ ਸਾਥੀ ਗੱਲਾਂ ਕਰਨ ਵਿਚ ਰੁਝੇ ਹੋਏ ਸਨ। ਮਾਸਟਰ ਰੋਟੀ ਵੀ ਖਾਂਦਾ ਰਿਹਾ ਤੇ ਉਹਨਾਂ ਦੀਆਂ ਗੱਲਾਂ ਵੀ ਸੁਣਦਾ ਰਿਹਾ।

"ਮੈਨੂੰ ਤਾਂ ਲਗਦੈ ਉਸ ਕੰਪਨੀ ਵਿਚ ਆਪਣੇ ਸਾਥੀਆਂ ਨੇ ਆਪਣੀਆਂ ਮੰਗਾਂ ਮਨਾਉਣ ਖਾਤਰ ਕੰਮ ਬੰਦ ਕਰ ਦਿਤਾ ਏ। ਕੰਪਨੀ ਨੂੰ ਮਾਲ ਤਾਂ ਸਪਲਾਈ ਕਰਨਾ ਹੀ ਸੀ ਨਾ...... ਇਸੇ ਲਈ ਉਸ ਕੰਪਨੀ ਨੇ ਆਪਣੀ ਨਾਲ ਗੰਢ-ਜੋੜ ਕਰਿਐ ਬਈ ਸਮੇਂ ਸਿਰ ਉਹਨਾਂ ਦਾ ਮਾਲ ਤਿਆਰ ਹੋ ਜਾਵੇ। ਮੈਨੇਜਮੈਂਟ ਨੇ ਵੀ ਤਾਂ ਆਪਣਾ ਛੁਟਕਾਰਾ ਕਰਨਾ ਏਂ।" ਪਾਂਡੇ ਨੇ ਕਿਹਾ।

"ਹਾਂ—ਹਾਂ ਇਹੀ ਮਾਮਲਾ ਏ।" ਹਾਦੀ ਬੋਲਿਆ, "ਲਗਦੈ ਸਾਰੇ ਮਾਲਕ ਲੋਕ ਵੀ ਆਪਣੇ ਵਾਂਗ ਇਕ ਮੁੱਠ ਹੋ ਰਹੇ ਨੇ।"

"ਬਹੁਤ ਠੀਕ...... ਬਈ ਬਹੁਤ ਠੀਕ...... ਇਸ ਵਾਰੀ ਜੇ ਆਪਾਂ ਇਹ ਕੰਮ ਕਰ ਦਿੰਦੇ ਹਾਂ ਤਾਂ ਆਪਣੇ ਭਾਈਆਂ ਦੇ ਪੇਟ ਤੇ ਲੱਤ ਮਾਰ ਰਹੇ ਹੋਵਾਂਗੇ।"

"ਮੈਂ ਤਾਂ ਕਹਿੰਦਾ ਹਾਂ ਇਹ ਕੰਮ ਕਰਨਾ, ਮਾਲਕਾਂ ਦਾ ਸਾਥ ਦੇਣਾ ਏ।" ਇਹ ਕਰਮੂ ਦੀ ਅਵਾਜ਼ ਸੀ।

"ਇਹ ਯਾਂ ਯਾਰ ਭਾਈਆਂ ਦੇ ਨਾਲ ਗਦਾਰੀ ਹੋਊ ਪੂਰੀ... ਕਿਉਂ ਚੌਧਰੀ?"

"ਆਹੋ...ਆਪਾਂ ਨਹੀਂ ਕਰਨੀ ਭਰਾਵਾਂ ਗਦਾਰੀ—ਨਹੀਂ ਕਰਾਂਗੇ, ਬਈ ਨਹੀਂ ਕਰਾਂਗੇ।" ਦੀਆਂ ਅਵਾਜ਼ਾਂ ਆਉਣ ਲੱਗੀਆਂ।

ਮਾਸਟਰ ਨੇ ਰੋਟੀ ਖਾ ਲਈ ਸੀ। ਹੁਣ ਉਹ ਇਕ ਗੋਲ ਦਾਇਰੇ ਵਿਚ ਬਹਿ ਗਏ। ਜਿਵੇਂ ਉਹ ਮਾਲਾ ਵਿਚ ਗੁੰਦੇ ਹੋਏ ਹੋਣ। ਫਿਰ ਮਾਸਟਰ ਨੇ ਬੋਲਣਾ ਸ਼ੁਰੂ ਕੀਤਾ।

"ਸਭ ਦੀਆਂ ਗੱਲਾਂ ਮੈਂ ਸੁਣੀਆਂ ਨੇ ਧਿਆਨ ਨਾਲ... ਤੁਹਾਡੀਆਂ ਗੱਲਾਂ ਇਕਦਮ ਸਹੀ ਨੇ। ਅਸੀਂ ਉਦੋਂ ਤੱਕ ਕੰਮ ਨਹੀਂ ਕਰਾਂਗੇ ਜਿੰਨੀ ਦੇਰ ਤੱਕ ਸਾਨੂੰ ਪਤਾ ਨਹੀਂ ਲਗਦਾ ਕਿ ਮਾਲ ਕਿਹੜੀ ਕੰਪਨੀ ਦਾ ਏ ਤੇ ਉਥੇ ਸਾਡੇ... ਤੁਹਾਨੂੰ ਕਿਸੇ ਨੂੰ ਇਸ ਗੱਲ ਤੇ ਇਤਰਾਜ਼ ਤਾਂ ਨਹੀਂ?" ਮੈਦਾਨ ਇਕੋ ਅਵਾਜ਼ ਨਾਲ ਗੂੰਜਿਆ, "ਨਹੀਂ... ਨਹੀਂ।"

ਤਦੇ ਕੰਮ ਤੇ ਜਾਣ ਦਾ ਘੰਟਾ ਵੱਜਿਆ—ਟਨ—ਟਨ—ਟਨ। ਉਹ ਸਾਰੇ ਉਸੇ ਤਰ੍ਹਾਂ ਅਹਿਲ ਬੈਠੇ ਰਹੇ। ਦਸ ਮਿੰਟ ਲੰਘ ਗਏ. ਕੋਈ ਨਾ ਉਠਿਆ। ਤਦੇ ਮਹਿਤਾ ਸਾਹਬ ਵਲੋਂ ਮਾਸਟਰ ਨੂੰ ਬੁਲਾਵਾ ਆ ਗਿਆ। ਮਾਸਟਰ ਹਾਦੀ, ਕਰਮੂ, ਰਾਮ ਨਾਥ ਨੂੰ ਨਾਲ ਲੈ ਕੇ ਮਹਿਤਾ ਸਾਹਬ ਦੇ ਦਫਤਰ ਵਲ ਨੂੰ ਚੱਲ ਪਿਆ।"

o

ਥੋੜੀ ਦੇਰ ਵਿਚ ਹੀ ਉਹ ਦਫਤਰ ਪਹੁੰਚ ਗਏ। ਹੁਣ ਦਫ਼ਤਰ ਵਿਚ ਮਹਿਤਾ ਸਾਹਬ ਤੋਂ ਬਿਨਾਂ ਦੋ ਬੰਦੇ ਹੋਰ ਮੌਜੂਦ ਸਨ, ਜਿਨ੍ਹਾਂ ਨੂੰ ਮਾਸਟਰ ਪਹਿਲਾਂ ਹੀ ਚੰਗੀ ਤਰ੍ਹਾਂ ਜਾਣਦਾ ਸੀ। ਇਕ ਕਿਸੇ ਕੰਪਨੀ ਦਾ ਮੈਨੇਜਰ ਸੀ ਤੇ ਦੂਜਾ ਨੇਤਾ। ਇਨ੍ਹਾਂ ਲੋਕਾਂ ਨੇ ਹੀ ਪਿਛਲੀ ਵਾਰੀ ਹੋਈ ਹੜਤਾਲ ਵਿਚ ਵਿਚੋਲ ਗਿਰੀ ਕੀਤੀ ਸੀ। ਉਹਨਾਂ ਨੂੰ ਵੇਖਦੇ ਸਾਰ ਮਾਸਟਰ ਸਮਝ ਗਿਆ ਕਿ ਮਾਮਲਾ ਨਿਪਟਾਉਣ ਲਈ ਮਹਿਤਾ ਸਾਹਬ ਨੇ ਉਹਨਾਂ ਨੂੰ ਸੱਦਿਆ ਹੈ। ਉਹ ਦੰਦ ਕਿਰਚ ਕੇ ਰਹਿ ਗਿਆ। ਉਹ ਸਾਰੇ ਖੜ੍ਹੇ ਸਨ। ਮਹਿਤਾ ਸਾਹਬ ਤਿਉੜੀਆਂ ਚੜ੍ਹਾ ਕੇ ਬੋਲਣ ਲੱਗੇ।

"ਕੰਮ ਬੰਦ ਰਹਿਣ ਦਾ ਮਤਲਬ ਸਮਝਦੇ ਹੋ... ਕੰਪਨੀ ਦਾ ਕਿੰਨਾ ਨੁਕਸਾਨ ਹੋਵੇਗਾ?

"ਸਾਨੂੰ ਨਹੀਂ ਪਤਾ।"

"ਪਤਾ ਹੋਰ ਕਿਸ ਨੂੰ ਹੋਵੇਗਾ ? ਤੁਸੀਂ ਨਹੀਂ ਜਾਣਦੇ ? ਕਿ ਕੋਈ ਵੀ ਕੰਮ ਮਜ਼ਦੂਰ–ਮਾਲਕ ਦੇ ਸਹਿਯੋਗ ਬਿਨਾਂ ਨਹੀਂ ਚੱਲ ਸਕਦਾ।"

ਦੇਖੋ, ਤੁਸੀਂ ਲੋਕ ਬਹੁਤਾ ਵਧ ਰਹੇ ਹੋ। ਜਿੰਨੇ ਘੰਟੇ ਕੰਮ ਬੰਦ ਰਹੇਗਾ, ਉਸ ਦਾ ਕੋਈ ਪੈਸਾ ਨਹੀਂ ਮਿਲੇਗਾ। ਮੈਨੂੰ ਪਤਾ ਏ, ਸਿੱਧੀ ਉਂਗਲੀ ਨਾਲ ਘਿਉ ਨਹੀਂ ਨਿਕਲਣਾ।"

"ਸਾਹਬ ਅਸੀਂ ਤੁਹਾਡੇ ਕੋਲੋਂ ਭੀਖ ਤਾਂ ਨਹੀਂ ਮੰਗਦੇ, ਸਿਰਫ਼ ਜਾਣਨਾ ਚਾਹੁੰਦੇ ਆਂ ਕਿ...।"

"ਤੁਹਾਨੂੰ ਇਸ ਨਾਲ ਕੀ ਲੈਣਾ ਦੇਣਾ ?"

ਇਹ ਗੱਲ ਸੁਣ ਕੇ ਮਹਿਤਾ ਸਾਹਿਬ ਕਰੋਧ ਨਾਲ ਲਾਲ ਹੋ ਗਏ। ਫਿਰ ਗੁੱਸੇ ਨਾਲ ਕੰਬਦੇ ਬੋਲੇ।

"ਠੀਕ ਐ ... ਤੁਹਾਨੂੰ ਸਾਰਿਆਂ ਨੂੰ ਪਤਾ ਲੱਗ ਜਾਵੇਗਾ... ਠੀਕ ਪਤਾ... ਤੁਹਾਨੂੰ ਲੋਟ ਕਰਨ ਦੇ ਸਾਡੇ ਕੋਲ ਬੜੇ ਤਰੀਕੇ ਨੇ। ਤੁਸੀਂ ਸਾਰੇ ਇੱਕ–ਇਕ ਕਰਕੇ ਠੀਕ ਹੁੰਦੇ ਜਾਵੋਗੇ। ਜਦੋਂ ਨਿਆਣੇ ਭੁੱਖ ਮਰਨਗੇ ਨਾ... ਤੁਹਾਨੂੰ ਅਕਲ ਆ ਜਾਵੇਗੀ। ਕੰਪਨੀ ਤੁਹਾਡੇ ਵਾਸਤੇ ਕੀ ਕੁਝ ਨਹੀਂ ਕਰਦੀ ? ਇਕ ਤੁਸੀਂ ਹੋ ਕਿ...।"

"ਛੱਡੋ ਜੀ, ਸਾਨੂੰ ਸਹੂਲਤਾਂ ਜਿਹੜੀਆਂ ਮਿਲਦੀਆਂ ਨੇ---ਅਸੀਂ ਜਾਣਦੇ ਆਂ ਚੰਗੀ ਤਰ੍ਹਾਂ... ... ਤੁਸੀਂ ਕੀ ਦੱਸੋਗੇ ਸਾਨੂੰ ?"

ਗੱਲਾਂ ਦੇਰ ਤੱਕ ਹੁੰਦੀਆਂ ਰਹੀਆਂ। ਮਹਿਤਾ ਸਾਹਬ ਦੀਆਂ ਸਭ ਚਾਲਾਂ ਫੇਲ੍ਹ ਹੋ ਗਈਆਂ। ਮਾਸਟਰ ਅਤੇ ਉਸ ਦੇ ਸਾਥੀ ਆਪਣੀ ਗੱਲ ਤੇ ਡਟੇ ਰਹੇ।

"ਪਹਿਲਾਂ ਗੱਲ ਨਿੱਖਰੇ...ਤਾਂ ਹੀ ਕੰਮ ਹੋਵੇਗਾ।

ਮਹਿਤਾ ਸਾਹਬ ਦੇ ਦੋਨੋਂ ਮਿੱਤਰ ਸੋਫਿਆਂ ਵਿਚ ਨਿੱਘਰੇ ਬੈਠੇ ਰਹੇ। ਸ਼ਾਇਦ ਅਜਿਹੀਆਂ ਗੱਲਾਂ ਸੁਣ ਕੇ ਉਹਨਾਂ ਦਾ ਬੋਲਣ ਦਾ ਹੌਂਸਲਾ ਹੀ ਨਹੀਂ ਸੀ ਪੈ ਰਿਹਾ।

ਗੱਲਾਂ-ਗੱਲਾਂ ਵਿਚ ਦੋ ਘੰਟੇ ਲੰਘ ਗਏ। ਕਿਸੇ ਸਿੱਟੇ ਤੇ ਗੱਲ ਨਾ ਪਹੁੰਚਦੀ ਵੇਖ ਮਹਿਤਾ ਸਾਹਬ ਦੀ ਬੁਖਲਾਹਟ ਹੋਰ ਵੀ ਵਧ ਗਈ। ਪਰ ਮਾਸਟਰ ਅਤੇ ਉਸ ਦੇ ਸਾਥੀਆਂ ਤੇ ਇਸ ਦਾ ਕੋਈ ਅਸਰ ਨਾ ਹੋਇਆ। ਇਸੇ ਦੌਰਾਨ ਮਹਿਤਾ ਸਾਹਬ ਨੇ ਐਧਰ ਉਧਰ ਕਈ ਥਾਂਵਾ ਤੇ ਫੋਨ ਕੀਤਾ।

ਫਿਰ ਮਾਸਟਰ ਨੇ ਕਿਹਾ, "ਛੱਡੋ ਜੀ, ਤੁਸੀਂ ਮਾਲਕ ਨੂੰ ਸੱਦ ਲਵੋ। ਅਸੀਂ ਉਸ ਨਾਲ ਸਿੱਧੀ ਗੱਲ ਕਰ ਲਵਾਂਗੇ।"

"ਹਾਂ, ਮਾਸਟਰ ਨੇ ਠੀਕ ਕਿਹਾ ਏ, ਅਸੀਂ ਉਸੇ ਨਾਲ ਗੱਲ ਕਰ ਲਵਾਂਗੇ।" ਮਾਸਟਰ ਦੇ ਸਾਰੇ ਸਾਥੀ ਇਕੋ ਵਾਰੀ ਬੋਲ ਪਏ।

"ਉਹ ਐਥੇ ਨਹੀਂ ਆ ਸਕਦੇ। ਮੈਂ ਦੋ ਵਾਰੀ ਫੋਨ ਕਰ ਚੁਕਿਐਂ, ਦਿਖਦਾ ਨਹੀਂ ਤੁਹਾਨੂੰ ?"

"ਤਾਂ ਫੇਰ ਅਸੀਂ ਖੁਦ ਉਹਨਾਂ ਕੋਲ ਚਲੇ ਜਾਂਦੇ ਆਂ, ਤੁਸੀਂ ਇਕ ਵਾਰੀ ਹੋਰ ਫੋਨ ਕਰਕੇ ਵੇਖ ਲਵੋ। ਇਉਂ ਕੰਮ ਤਾਂ ਅਸੀਂ ਕਰਨ ਤੁਰੇ ਰਹੇ।" ਮਾਸਟਰ ਬੋਲਿਆ।

ਮਹਿਤਾ ਸਾਹਬ ਫੋਨ ਕਰਨ ਨੂੰ ਵੀ ਤਿਆਰ ਨਹੀਂ ਸਨ ਹੋ ਰਹੇ। ਜਦੋਂ ਉਹ ਦਫਤਰੋਂ ਇਹ ਕਹਿ ਕੇ ਬਾਹਰ ਨਿਕਲਣ ਲਗੇ ਕਿ ਅਸੀਂ ਮਾਲਕ ਦੇ ਬੰਗਲੇ ਤੇ ਗੱਲ ਕਰਨ ਲਈ ਜਾ ਰਹੇ ਹਾਂ, ਤਾਂ ਉਹ ਫੋਨ ਕਰਨ ਲਈ ਮੰਨ ਗਏ। ਫੋਨ ਕੀਤਾ ਗਿਆ। ਮਹਿਤਾ ਸਾਹਬ ਦੇਰ ਤਕ ਗੱਲਾਂ ਕਰਦੇ ਰਹੇ।

"ਹਾਂ, ਠੀਕ ਏ...ਪਰ ਠੱਪ ਏ...ਨਹੀਂ ਸਰ..... ਉਹ ਤਿਆਰ ਨੇ...ਇਸੇ ਗੱਲ ਤੇ ਕਿ ਤੁਸੀਂ...ਨਹੀਂ ਜਾਣਦਾ.....ਹੋ ਸਕਦੈ..... ਜ਼ਰੂਰ।" ਦੀਆਂ ਅਵਾਜ਼ਾਂ ਆਉਂਦੀਆਂ ਰਹੀਆਂ।

ਗੱਲਾਂ ਖਤਮ ਹੋਈਆਂ, ਤਾਂ ਮਹਿਤਾ ਸਾਹਬ ਨੇ ਫੋਨ ਰਖ ਦਿਤਾ। ਕਮਰੇ ਵਿਚ ਨਜ਼ਰਾਂ ਘੁਮਾਈਆਂ। ਉਹਨਾਂ ਦਾ ਚਿਹਰਾ ਬੁਝਿਆ-ਬੁਝਿਆ ਜਿਹਾ ਹੋ ਗਿਆ ਸੀ। ਉਹ ਨਿਢਾਲ ਜਿਹੇ ਹੋ ਗਏ ਸਨ, ਜਾਂ ਫਿਰ ਉਹ ਹਾਰ ਗਏ ਸਨ। ਉਹਨਾਂ ਦੇ ਮੂੰਹੋਂ ਮਧਮ ਜਿਹੀ ਅਵਾਜ਼ ਨਿਕਲੀ –

"ਇਹ ਮਾਲ 'ਕਲਕੱਤਾ ਪ੍ਰਿੰਟਿੰਗ ਕੰਪਨੀ' ਦਾ ਏ।"

ਬੱਸ ਫਿਰ ਕੀ ਸੀ। ਇਹ ਸੁਣਦਿਆਂ ਹੀ ਮਾਸਟਰ ਅਤੇ ਉਸ ਦੇ ਸਾਥੀ ਇਕ–ਦੂਜੇ ਦੇ ਹੱਥਾਂ ਨੂੰ ਘੁਟਦੇ ਦਫਤਰੋਂ ਬਾਹਰ ਹੋ ਗਏ ਅਤੇ ਮੈਦਾਨ ਵਿਚ ਚਲੇ ਗਏ। ਜਦੋਂ ਉਹਨਾਂ ਨੇ ਇਹ ਗੱਲ ਆਪਣੇ ਬਾਕੀ ਸਾਥੀਆਂ ਨੂੰ ਦੱਸੀ ਤਾਂ ਸਾਰੇ ਖੁਸ਼ੀ ਨਾਲ ਝੂਮਣ ਲੱਗ ਪਏ। ਉਹਨਾਂ ਨੇ ਆਪਣੇ-ਆਪਣੇ ਡੱਬੇ-ਪੋਣੇ ਉਪਰ ਨੂੰ ਮਾਰਨੇ ਸ਼ੁਰੂ ਕਰ ਦਿਤੇ। ਕੁਝ ਨਾਅਰੇ ਲਾਉਣ ਲਗੇ ਤੇ ਕੁਝ ਛੋਹਣ ਲਗ ਪਏ। ਭੋਜਪੁਰੀਆ ਤਾਂ ਉੱਚੀ-ਉੱਚੀ ਗਾਉਣ ਹੀ ਲੱਗ ਪਿਆ। ਉਹ ਸਾਰੇ ਕੁਝ ਸਮੇਂ ਲਈ ਆਪਣੇ ਆਪ ਹੀ ਖੋ ਗਏ। ਕੁਝ ਸ਼ਾਂਤੀ ਹੋਣ ਤੇ ਸਰਬ-ਸੰਮਤੀ ਨਾਲ ਰਾਮ ਨਾਥ ਅਤੇ ਹਾਦੀ ਨੂੰ 'ਕਲਕੱਤਾ ਪ੍ਰਿੰਟਿੰਗ ਕੰਪਨੀ' ਭੇਜ ਦਿਤਾ ਗਿਆ।

o

ਸਾਰੇ ਜਣੇ ਮੈਦਾਨ ਵਿਚ ਬੈਠੇ ਗੇਟ ਵਲ੍ਹ ਵੇਖ ਰਹੇ ਸਨ। ਹਾਦੀ ਅਤੇ ਰਾਮ ਨਾਥ ਦਾ ਬੜੀ ਬੇ-ਸਬਰੀ ਨਾਲ ਇੰਤਜ਼ਾਰ ਕੀਤਾ ਜਾ ਰਿਹਾ ਸੀ। ਸਾਰੇ ਬੇਚੈਨ ਸਨ। ਉਹ ਗੱਲਾਂ ਵੀ ਕਰਦੇ ਤੇ ਮੁੜ-ਮੁੜ ਗੇਟ ਵੱਲ ਵੇਖਦੇ ਵੀ। ਦੋਨਾਂ ਨੂੰ ਗਿਆਂ ਅੱਧਾ ਘੰਟਾ ਬੀਤ ਗਿਆ ਸੀ, ਉਹਨਾਂ ਦੀ ਉਡੀਕ ਦੇ ਸਬਰ ਦਾ ਪਿਆਲਾ ਛਲਕ

ਰਿਹਾ ਸੀ ਕਿ ਕੋਈ ਵਿੱਚੋਂ ਹੀ ਚੀਕ ਪਿਆ :

"ਆ ਗਏ.. ਔਹ ਵੇਖੋ।"

ਸਭ ਗੇਟ ਵੱਲ ਵੇਖਣ ਲੱਗ ਪਏ। ਕੁਝ ਤਾਂ ਉੱਠਕੇ ਗੇਟ ਵਲ ਨੂੰ ਦੌੜ ਹੀ ਪਏ। ਉਹ ਦੋਨੋਂ ਆ ਰਹੇ ਸਨ। ਹੌਲੀ-ਹੌਲੀ...ਮੁਸਕਰਾਉਂਦੇ ਹੋਏ। ਬਾਕੀ ਸਾਰੇ ਇਸ਼ਾਰੇ ਕਰ-ਕਰ ਆਪਣੇ ਹੱਥ ਹਵਾ ਵਿਚ ਲਹਿਰਾ ਰਹੇ ਸਨ। ਉਹ ਮੈਦਾਨ ਵਿੱਚ ਬੈਠੇ ਸਾਥੀਆਂ ਕੋਲ ਪਹੁੰਚ ਗਏ। ਇਕੋ ਵਾਰੀ ਸਾਰਿਆਂ ਨੇ ਉਹਨਾਂ ਦੋਨਾਂ ਨੂੰ ਇੱਕੋ ਸੁਆਲ ਕੀਤਾ :

"ਹਾਂ ਬਈ ਸਾਥੀਓ...ਕੀ ਖ਼ਬਰ ਏ ?"

ਹਾਦੀ ਬੋਲਿਆ, "ਉੱਥੇ ਤਾਂ ਕੋਈ ਵੀ ਗੜਬੜ ਨਹੀਂ ਯਾਰੋ।"

ਰਾਮ ਨਾਥ ਨੇ ਮੁਸਕਰਾ ਕੇ ਕਿਹਾ," ਕੰਮ ਵੱਧ ਹੋਣ ਕਰਕੇ ਮਾਲ ਐਥੇ ਭੇਜ ਦਿੱਤਾ ਗਿਆ ਸੀ ਉਸ ਕੰਪਨੀ ਵਲੋਂ। ਹੋਰ ਗੱਲ ਕੋਈ ਨਹੀਂ।"

ਸਾਰਿਆਂ ਦੇ ਚਿਹਰਿਆਂ ਤੇ ਤਸੱਲੀ ਦੀਆਂ ਰੇਖਾਵਾਂ ਖਿੱਚੀਆਂ ਗਈਆਂ। ਉਹਨਾਂ ਨੇ ਕਪੜੇ ਝਾੜੇ ਤੇ ਵਰਕਿੰਗ ਹਾਲ ਵੱਲ ਨੂੰ ਤੁਰ ਪਏ।

ਸੂਰਜ ਦੀਆਂ ਕਿਰਣਾਂ ਤਿਰਛੀਆਂ ਪੈ ਰਹੀਆਂ ਸਨ। ਗਰਮੀ ਅੰਤਾਂ ਦੀ ਹੋਣ ਦੇ ਬਾਵਜੂਦ ਉਹਨਾਂ ਨੂੰ ਅੱਜ ਦਾ ਸੂਰਜ ਖੁਸ਼ੀਆਂ ਭਰਿਆ ਅਤੇ ਬਹੁਤ ਹੀ ਖੂਬਸੂਰਤ ਲੱਗ ਰਿਹਾ ਸੀ।

[ ਅਨੁ. ਗੁਰਦਿਆਲ ਦਲਾਲ

---

ਹਿੰਦੀ ਕਹਾਣੀ –

# ਪੱਥਰ-ਕੱਟ

ੋ

ਲੇਖਕ – ਹਰੀਸ਼ ਕੇਸ਼ ਸੁਲਭ

ਹੁਸੜ ਇੰਨਾ ਲੋਹੜੇ ਦਾ ਹੈ ਕਿ ਰਾਤ ਕਟਣੀ ਭਾਰੀ ਹੋ ਗਈ ਹੈ। ਨਜ਼ਰਬਲੀ ਬੇਚੈਨੀ ਨਾਲ ਉੱਸਲ-ਵੱਟੇ ਲੈ ਰਿਹਾ ਹੈ। ਮੰਜੀ ਦੀਆਂ ਰੱਸੀਆਂ ਢਿਲੀਆਂ ਹੋ ਗਈਆਂ ਹਨ। ਢਿੱਲਮ-ਢਿੱਲੀ ਮੰਜੀ ਵਿਚ ਧਸਿਆ ਉਬਾਸੀਆਂ ਲੈ ਰਿਹਾ ਹੈ, ਤੇ ਸਾਫੇ ਨਾਲ ਹਵਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਗਰਮੀ ਇੰਨੀ ਜ਼ਿਆਦਾ ਹੈ ਕਿ ਸਾਫੇ ਦੀ ਹਵਾ ਨਾਲ ਵੀ ਕੋਈ ਫਰਕ ਨਹੀਂ ਪੈ ਰਿਹਾ।

ਦਰੱਖਤ ਇਕਦਮ ਖਮੋਸ਼ ਖੜੇ ਹਨ। ਪੱਤਿਆਂ ਵਿਚ ਥੋੜੀ ਜਿਹੀ ਵੀ ਹਿਲ-ਜੁਲ ਨਹੀਂ ਹੈ। ਜ਼ਕੂਰ, ਹਮੀਦ, ਨਸੀਰ, ਕ਼ਮਰੂ ਅਬਦੁੱਲ, ਮਾਨੂਰ, ਰਹਿਮਾਨ —— ਸਾਰੇ ਹੀ ਨਜ਼ਰਬਲੀ ਦੇ ਆਲੇ-ਦੁਆਲੇ ਖਿਲਰੇ ਪਏ ਹਨ – ਮੌਸਮ ਦੀ ਜਾਨ ਲੈਣ ਵਾਲੀ ਅਤੇ ਪੱਥਰਾਂ ਨਾਲ ਦਿਨ-ਭਰ ਛੈਣੀ ਤੇ ਹਥੌੜੀ ਨਾਲ ਕੰਮ ਕਰਕੇ ਸਰੀਰ ਏਨੇ ਥੱਕ-ਟੁੱਟ ਚੁਕੇ ਹਨ ਕਿ ਹੁੱਸੜ ਤੇ ਗਰਮੀ ਦਾ ਇਹਨਾਂ ਤੇ ਕੋਈ ਅਸਰ ਨਹੀਂ ਹੈ।

ਸ਼ਹਿਰ ਤੋਂ ਦੂਰ ਬਾਈਪਾਸ ਸੜਕ ਦੇ ਕੰਢੇ ਸੱਤ-ਅੱਠ ਪ੍ਰਵਾਰਾਂ ਦੀ ਬਸਤੀ (ਜੋ ਕਿ ਪੱਥਰ ਕੱਟਣ ਵਾਲੇ ਹਨ) ਨੀਂਦ ਵਿਚ ਬੇਸੁੱਧ ਪਈ ਹੈ। ਕੇਵਲ ਬਸਤੀ ਦੇ ਬਜ਼ੁਰਗ ਆਗੂ ਨਜ਼ਰਬਲੀ ਦੀਆਂ ਅੱਖਾਂ ਨੀਂਦ ਤੋਂ ਖਾਲੀ ਹਨ। ਕੱਲ ਸਾਰੀ ਰਾਤ ਵੀ ਉਸਲ-ਵੱਟੇ ਲੈਂਦਾ ਰਿਹਾ ਸੀ, ਪਰ ਇਕ ਮਿੰਟ ਵੀ ਉਸ ਦੀ ਅੱਖ ਨਹੀਂ ਲਗੀ ਸੀ। ਨਜ਼ਰਬਲੀ ਨਾਲ ਬਸਤੀ ਦੇ ਸਾਰੇ ਲੋਕ ਅਧੀ ਰਾਤ ਤਕ ਜਾਗਦੇ ਰਹੇ ਸਨ। ਉਸ ਤੋਂ ਬਿਨਾਂ ਬਸਤੀ ਵਿਚ ਹੋਰ ਕੋਈ ਵੀ ਅੱਧਖੜ ਜਾਂ ਬਜ਼ੁਰਗ ਨਹੀਂ ਬਚਿਆ ਹੈ। ਉਹਦੇ ਸਾਥੀ ਇਕ ਇਕ ਕਰਕੇ ਮਰਦੇ ਚਲੇ ਗਏ। ਹੁਣ ਉਹ ਇਕੱਲਾ ਹੀ ਹੈ, ਜ਼ਿੰਦਗੀ ਦੀ ਲੜਾਈ ਵਿਚ ਲਹੂ-ਲੁਹਾਣ।

ਕੱਲ ਅੱਧੀ ਰਾਤ ਤਕ ਬਸਤੀ ਦੇ ਗਭਰੂ ਬਹਿਸਾਂ ਕਰਦੇ ਰਹੇ ਸਨ, ਤੇ ਉਹਨਾਂ ਦੇ ਨੱਕ ਫੜਕ ਰਹੇ ਸਨ। ਕੁਝ ਦੇਰ ਬਾਅਦ ਜਦ ਉਬਲਦਾ ਹੋਇਆ ਗੁੱਸਾ ਠੰਡਾ ਹੋਇਆ ਤਾਂ ਦਿਨ ਭਰ ਦੀ ਸਖਤ ਮਿਹਨਤ ਦਾ ਭਾਰ ਉਹਨਾਂ ਤੇ ਭਾਰੂ ਹੋ ਗਿਆ ਤੇ ਸਾਰੇ ਸੌਣ ਚਲੇ ਗਏ। ਪਰ ਨਜ਼ਰਬਲੀ ਸਾਰੀ ਰਾਤ ਨਹੀਂ ਸੌਂ ਸਕਿਆ। ਸਿਰਫ ਅੱਧੀ ਗੱਲ ਹੀ ਬਸਤੀ ਦੇ ਲੋਕਾਂ ਨੂੰ ਸੁਣਾ ਸਕਿਆ। ਜੇ ਸਾਰੀ ਗੱਲ ਦਸ ਦਿੰਦਾ ਤਾਂ — — —।

ਪਾਸੇ ਵਾਲੀ ਝੁੱਗੀ ਤੋਂ ਸੁਸਤੀ ਭਰੀ ਪਰ ਖਿੱਝੀ ਹੋਈ ਅਵਾਜ਼ ਆਉਂਦੀ ਹੈ – "ਹੁਣ ਕੀ ਮੇਰਾ ਖੂਨ ਪੀਵੇਂਗਾ ? ਛੱਡ ਮੈਨੂੰ ! — — — ਛਾਤੀ ਵਿਚ ਦੰਦ ਚਭੋ ਕੇ ਜ਼ਖ਼ਮ ਕਰ ਦਿਤਾ ਹਰਾਮੀ ਨੇ ! — — — ਹਾਏ ! ਛੱਡ — — — ਛੱਡ।"

ਇਕ ਬੱਚਾ ਸੰਘ ਅੱਡ ਕੇ ਰੋਣ ਲੱਗ ਪੈਂਦਾ ਹੈ।

ਰਸੀਦਾਂ ਦੇ ਮੁੰਡੇ ਦੁੱਧ ਚੁੰਘਦਿਆਂ ਛਾਤੀ ਵਿਚ ਦੰਦ ਚਭੋ ਦਿਤਾ ਹੈ। ਜਦੋਂ ਉਸ ਦੇ ਅਗਲੇ ਦੰਦ ਨਿਕਲੇ ਹਨ, ਦੁੱਧ ਨਾ ਆਉਣ ਤੇ ਅਕਸਰ ਹੀ ਦੰਦ ਚਭੋ ਦਿੰਦਾ ਤੇ ਰਸੀਦਾ ਉਸ ਨੂੰ ਕੁਟਣ ਲਗ ਪੈਂਦੀ ਹੈ।

"ਹੁਣ ਚੁੱਪ ਕਰਕੇ ਸੌਂ ਜਾ — — — ਦੁੱਖੀ ਨਾ ਕਰ। — — ਨਹੀਂ ਮੰਨੇਗਾ ? — — ਲੈ — — ਲੈ — — ਲੈ — — —" ਰਸੀਦਾ ਬੱਚੇ ਨੂੰ ਕੁਟਣ ਲੱਗ ਪੈਂਦੀ ਹੈ। ਮੁੰਡਾ ਹੋਰ ਜ਼ਿਆਦਾ ਸੰਘ ਅੱਡ ਕੇ ਰੋਣ ਲਗਦਾ ਹੈ। ਰਸੀਦਾ ਬਹੁਤ ਅੜੀਅਲ ਸੁਭਾਅ ਦੀ ਹੈ, ਤੇ ਉਸ ਦਾ ਮੁੰਡਾ ਉਸ ਤੋਂ ਵੀ ਦੋ ਕਦਮ ਅਗਾਂਹ ਹੈ।

ਨਜ਼ਰਲਲੀ ਪਾਸਾ ਬਦਲ ਦਾ ਹੈ। ਲੰਮਾ ਪਿਆ ਹੀ ਸਰਾਹਣੇ ਹੇਠੋਂ ਤੰਬਾਕੂ ਕੱਢਦਾ ਹੈ। ਉਸ ਕੇ ਬੈਠ ਜਾਂਦਾ ਹੈ। ਰਸੀਦਾ ਬੁੜ-ਬੁੜ ਕਰੀ ਜਾ ਰਹੀ ਹੈ ਤੇ ਮੁੰਡਾ ਲਗਾਤਾਰ ਰੋਈ ਜਾ ਰਿਹਾ ਹੈ। ਆਸੇ ਪਾਸੇ ਪਏ ਲੋਕਾਂ ਦੀ ਨੀਂਦ ਟੁਟਣ ਲਗਦੀ ਹੈ। ਉਹ ਖਿੱਝੇ ਜਿਹੇ ਹੋ ਕੇ ਪਾਸੇ ਬਦਲਦੇ ਹਨ। ਰਸੀਦਾ ਦਾ ਆਦਮੀ ਨਸੀਰ ਉੱਠ ਕੇ ਬੈਠ ਜਾਂਦਾ ਹੈ। ਆਪਣੀ ਉਚੀ-ਭਾਰੀ ਅਵਾਜ਼ ਨੂੰ ਦਬਾ ਕੇ ਡਾਂਟਦਾ ਹੈ — "ਰਸੀਦਾ ਚੁੱਪ ਕਰਾ ਮੁੰਡੇ ਨੂੰ।"

ਨਸੀਰ ਦੀ ਆਵਾਜ਼ ਥਰਥਰਾਉਂਦੀ ਹੋਈ ਉਤਾਂਹ ਉਠਦੀ ਹੈ ਤੇ ਦਰਖਤਾਂ ਦੇ ਪੱਤਿਆਂ ਨਾਲ ਚੁੰਬੜ ਜਾਂਦੀ ਹੈ। ਰਸੀਦਾ ਪਹਿਲਾਂ ਵਾਂਗ ਹੀ ਬੁੜ-ਬੁੜ ਕਰੀ ਜਾ ਰਹੀ ਹੈ ਤੇ ਮੁੰਡਾ ਸੌਣ ਦਾ ਨਾਂ ਹੀ ਨਹੀਂ ਲੈਂਦਾ। ਨਜ਼ਰਬਲੀ ਜ਼ਰਦਾ ਮਲਦਾ ਹੋਇਆ ਕਹਿੰਦਾ ਹੈ — "ਆਪ ਜਾ ਕੇ ਵੇਖ, ਨਹੀਂ ਤਾਂ ਸਹੁਰੀ ਮੁੰਡੇ ਦੀ ਜਾਨ ਲੈ ਲਵੇਗੀ।"

ਨਸੀਰ ਦੀ ਅਵਾਜ਼ ਪਹਿਲਾਂ ਨਾਲੋਂ ਹੋਰ ਹੌਲੀ ਹੋ ਜਾਂਦੀ — "ਕੀ ਮੈਂ ਦੁਧ ਚੁੰਘਾਵਾਂਗਾ ਮੁੰਡੇ ਨੂੰ? — — — ਚੌਵੀ ਘੰਟੇ ਮੁੰਡੇ ਦੇ ਧੌਲ-ਧਫਾ ਜਮਾਈ ਰੱਖਦੀ ਹੈ।"

ਅਚਾਨਕ ਬੱਚੇ ਦਾ ਰੋਣ ਬੰਦ ਹੋ ਜਾਂਦਾ ਹੈ। ਰਸੀਦਾ ਦੀ ਬੁੜ-ਬੁੜ ਵੀ ਬੰਦ ਜਾਂਦੀ ਹੈ। ਨਜ਼ਰਬਲੀ ਦੇ ਜਾਗਦੇ ਹੋਣ ਦਾ ਅਹਿਸਾਸ ਏਦਾਂ ਦੀਆਂ ਰਾਤਾਂ ਵਿਚ ਨਸੀਰ ਤੇ ਰਸੀਦਾ ਵਿਚਕਾਰ ਚਿੱਟੇ ਭੂੰਡੇ ਦਾ ਕੰਮ ਕਰਦਾ ਹੈ। ਉਸ ਦੀ ਅਵਾਜ਼ ਸੁਣਦਿਆਂ ਹੀ ਰਸੀਦਾ ਮੁੰਡੇ ਦੇ ਮੂੰਹ ਵਿਚ ਦੁੱਧ ਦੇ ਦਿੰਦੀ ਹੈ। ਮੁੰਡਾ ਚੁੱਪ ਹੋ ਜਾਂਦਾ ਹੈ। ਵਛੇ ਵਾਂਗ ਢੁੱਡਾਂ ਮਾਰ-ਮਾਰ ਕੇ ਦੁੱਧ ਸੂਤਣ ਲੱਗ ਪੈਂਦਾ ਹੈ।

ਨਸੀਰ ਉਠ ਕੇ ਪਿਸ਼ਾਬ ਕਰਨ ਚਲਾ ਜਾਂਦਾ ਹੈ। ਅਚਾਨਕ ਨੀਂਦ ਖੁੱਲ੍ਹਣ ਕਰਕੇ ਉਹ ਅੰਦਰੋਂ ਖਿਝਿਆ ਹੋਇਆ ਹੈ। ਨਜ਼ਰਬਲੀ ਜ਼ਰਦਾ ਮਲ ਕੇ ਮੂੰਹ ਵਿਚ ਰੱਖ ਲੈਂਦਾ ਹੈ।

ਵਾਪਸ ਆਉਂਦਾ ਹੋਇਆ ਨਸੀਰ ਪੁੱਛਦਾ ਹੈ — "ਦੱਦਾ ਤੂੰ ਸੁੱਤਾ ਨਹੀਂ?"

"ਨਾ — — ਹ।" ਨਜ਼ਰਬਲੀ ਉਬਾਸੀ ਲੈਂਦਾ ਹੈ।

"ਕੱਲ ਰਾਤੀ ਵੀ ਤੁਸੀਂ ਸੁੱਤੇ ਨਹੀਂ। — — — ਐਵੇਂ ਜਾਨ ਫਿਕਰਾਂ ਵਿਚ ਪਾਈ ਹੋਈ ਆ। ਜਿੱਦਾਂ ਵੀ ਹੋਵੇਗਾ — — — ਸਾਰੇ ਜਣੇ ਮਿਲਕੇ ਮੁਕਾਬਲਾ ਕਰਾਂਗੇ। ਕੋਈ ਨਵੀਂ ਗੱਲ ਤਾਂ ਹੈ ਨਹੀਂ। — — — ਕਿਸਮਤ ਵਿਚ ਇਹੀ ਲਿਖੀਆ ਹੈ ਤਾਂ, ਇਕ ਜਗ੍ਹਾ ਉਮਰ ਕਿਵੇਂ ਕੱਟ ਸਕਦੀ ਹੈ।" ਨਸੀਰ ਮੰਜੀ ਦੀ ਪੈਂਦ ਵੱਲ ਬੈਠ ਜਾਂਦਾ ਹੈ।

"ਕੀ ਗੱਲ ਹੋਈ ਦੱਦਾ?" ਸ਼ਾਨੂਰ ਵੀ ਜਾਗ ਪਿਆ ਹੈ। ਸ਼ਾਨੂਰ ਨਜ਼ਰਬਲੀ ਦਾ ਮੁੰਡਾ ਹੈ। ਉਹ ਵੀ ਉਸ ਨੂੰ ਦੱਦਾ ਕਹਿਕੇ ਸੱਦਦਾ ਹੈ। ਸਾਰੇ ਉਸ ਨੂੰ ਦੱਦਾ ਹੀ ਕਹਿੰਦੇ ਹਨ।

"ਕੀ ਹੋਇਆ ਕੀ? — — — ਬੋਲਦੇ ਕਿਉਂ ਨਹੀਂ?" ਸ਼ਾਨੂਰ ਉਤਾਵਲਾ ਜਿਹਾ ਹੋ ਜਾਂਦਾ ਹੈ।

"ਤੂੰ ਸੌਂ ਜਾ ਆਰਾਮ ਨਾਲ। ਕੁਛ ਨਹੀਂ ਹੋਇਆ। ਓਦਾਂ ਹੀ ਨੀਂਦ ਖੁਲ੍ਹ ਗਈ। ਗੱਪਾਂ ਮਾਰ ਰਹੇ ਹਾਂ।"

ਗੱਪਾਂ ਮਾਰਨ ਦਾ ਚੰਗਾ ਟੈਮ ਮਿਲਿਆ ਤੁਹਾਨੂੰ। ਸੌਣ ਵੀ ਨਹੀਂ ਦਿੰਦੇ।" ਸ਼ਾਨੂਰ ਖਿੱਝ ਕੇ ਬੋਲਦਾ ਹੈ। ਅੱਧਾ-ਸੁੱਤਾ ਜਿਹਾ ਹੀ ਆਪਣੇ ਦੱਦਾ ਤੇ ਨਸੀਰ ਨੂੰ ਦੇਖਦਾ ਹੈ, ਫੇਰ ਲੱਤਾਂ ਪਸਾਰ ਕੇ ਸੌਂ ਜਾਂਦਾ ਹੈ।

ਮੁੰਡਾ ਫੇਰ ਰੋਣ ਲੱਗ ਪੈਂਦਾ ਹੈ। ਐਤਕੀਂ ਰਸੀਦਾ ਦੀ ਕੋਈ ਆਵਾਜ਼ ਨਹੀਂ ਆਉਂਦੀ। ਨਜ਼ਰਬਲੀ ਥੋੜੀ ਦੇਰ ਲਈ ਚਿੰਤਾ ਵਿਚੋਂ ਨਿਕਲਦਾ ਹੈ। ਹੌਲੀ ਦੇਣਾ ਮੁਸਕਰਾ ਕੇ ਕਹਿੰਦਾ ਹੈ — "ਨਸੀਰ, ਤੇਰਾ ਮੁੰਡਾ ਵੀ ਘੱਟ ਅੜੀ-ਖੋਰ ਨਹੀਂ ਹੈ। ਦਿਨ ਰਾਤ ਆਪਣੀ ਮਾਂ ਨੂੰ ਤੰਗ ਕਰੀ ਰੱਖਦਾ ਹੈ। ਥੱਕ-ਹਾਰ ਕੇ ਸੁੱਤੀ ਹੈ ਵਿਚਾਰੀ, ਤੇ ਇਹ ਸਹੁਰਾ ਅੱਧੀ ਰਾਤ ਵੇਲੇ ਉਹਦੀ ਜਾਨ ਪਿਛੇ ਪਿਆ ਹੋਇਆ ਹੈ।"

ਨਸੀਰ ਝੁੰਝਲਾ ਕੇ ਕਹਿੰਦਾ ਹੈ — "ਉਹਦੀ ਮਾਂ ਕਿਹੜੀ ਘੱਟ ਹੈ ਉਸ ਤੋਂ ਮਾਸਾ ਭਰ ਵੀ। ਮੁੰਡਾ ਦੁਧ ਲਈ ਤਰਸ ਰਿਹਾ ਹੈ ਤੇ ਉਹ ਮਿੰਟਾਂ ਵਿਚ ਘੋੜੇ ਵੇਚ ਕੇ ਘੁਰਾੜੇ ਮਾਰਨ ਡਹੀ ਹੋਈ ਹੈ।"

"ਥੱਕੀ-ਟੁੱਟੀ ਹੋਣੀਂ ਆ ਵਿਚਾਰੀ। ਦਿਨ ਭਰ ਗਲੀ-ਗਲੀ ਫਿਰ ਫਿਰ ਕੇ ਸਿਲ ਉਤੇ ਛੈਣੀ-ਹਥੌੜੀ ਚਲਾਉਂਦੀ ਹੈ।" ਨਜ਼ਰਬਲੀ ਦੀ ਅਵਾਜ਼ ਸਨੇਹ ਵਿਚ ਭਿੱਜੀ ਜਾਪਦੀ ਹੈ — "ਜਾ ਜਾ — — — — ਤੂੰ ਜਾ ਕੇ ਚੁੱਪ ਕਰਾ ਮੁੰਡੇ ਨੂੰ।"

ਨਸੀਰ ਉਠ ਕੇ ਝੁੱਗੀ ਕੋਲ ਚਲਾ ਜਾਂਦਾ ਹੈ। ਮੁੜ ਕੇ ਨਜ਼ਰਬਲੀ ਵਲ ਦੇਖਦਾ ਹੈ, ਤੇ ਫੇਰ ਟਾਟ ਚੁੱਕ ਕੇ ਅੰਦਰ ਚਲਾ ਜਾਂਦਾ ਹੈ। ਕੁਝ ਹੀ ਦੇਰ ਪਿਛੋਂ ਮੁੰਡੇ ਦਾ ਰੋਣਾ ਬੰਦ ਹੋ ਜਾਂਦਾ ਹੈ। ਨਜ਼ਰਬਲੀ ਤਮਾਕੂ ਥੁੱਕ ਕੇ ਲੰਮਾ ਪੈ ਜਾਂਦਾ ਹੈ।

ਬਿਲਕੁਲ ਰਸੀਦਾ ਵਰਗ ਹੀ ਸ਼ਾਨੂਰ ਦੀ ਮਾਂ ਸੀ। ਪੂਰੀ ਅੜੀਅਲ। ਅੜ ਗਈ ਤਾਂ ਬਸ ਅੜ ਗਈ। ਲੱਖ ਯਤਨ ਕਰੋ, ਪਰ ਨੱਕ ਤੇ ਮੱਖੀ ਨਹੀਂ ਬੈਠਣ ਦਿੰਦੀ ਸੀ। ਸ਼ਾਨੂਰ ਵੀ ਨਸੀਰ ਦੇ ਮੁੰਡੇ ਵਰਗਾ ਸੀ; ਪਰ ਹੱਟ-ਕੱਟਾ। ਨਸੀਰ ਦਾ ਮੁੰਡਾ ਤਾ ਮਰੀਅਲ ਜਿਹਾ ਹੈ। ਵਿਚਾਰੇ ਨੂੰ ਰਜਵਾਂ ਦੁੱਧ ਵੀ ਤਾਂ ਨਹੀਂ ਮਿਲਦਾ।

ਨਜ਼ਰਬਲੀ ਦੇ ਬੁਲ੍ਹਾਂ ਤੇ ਚੁੱਪ ਹੈ, ਪਰ ਦਿਮਾਗ

ਵਿਚ ਹਿੱਲ-ਜੁੱਲ ਲਗਾਤਾਰ ਜਾਰੀ ਹੈ। — — ਰਸੀਦਾ ਵੀ ਕੀ ਕਰੇ। ਛਾਤੀ ਵਿਚ ਦੁੱਧ ਹੋਵੇ ਤਾਂ ਚੁੰਘਾਵੇ ਮੁੰਡੇ ਨੂੰ। ਸਾਰਾ ਦਿਨ ਲੂ ਵਿਚ ਕੰਮ ਕਰਨ ਪਿਛੋਂ ਵੀ ਢਿੱਡ ਭਰਵੀਂ ਰੋਟੀ ਨਹੀਂ ਮਿਲਦੀ। ਛਾਤੀ ਵਿਚ ਦੁੱਧ ਆਵੇ ਤਾਂ ਕਿਥੋਂ ?

ਨੀਂਦ ਨਾ ਆਉਣ ਕਰਕੇ ਨਜ਼ਰਬਲੀ ਇਧਰ ਉਧਰ ਹੱਥ-ਪੈਰ ਮਾਰ ਰਿਹਾ ਹੈ। ਹੁੰਮ ਹੋਰ ਜ਼ਿਆਦਾ ਹੋ ਜਾਂਦਾ ਹੈ। ਸਾਫਾ ਹਿਲਾਉਂਦਿਆਂ ਬਾਹਾਂ ਦੁਖਣ ਲਗ ਪੈਂਦੀਆਂ ਹਨ। ਬਸਤੀ ਦੇ ਲੋਕਾਂ ਦੀ ਹਾਲਤ ਦਿਨ-ਬ-ਦਿਨ ਮਾੜੀ ਹੁੰਦੀ ਜਾ ਰਹੀ ਹੈ।' ਇਹਨਾਂ ਜਵਾਨਾਂ ਦੇ ਬੱਚੇ ਪਲਣਗੇ ਵੀ ਜਾਂ ਨਹੀਂ।

ਸ਼ਾਨੂਰ ਦੇ ਪੈਦਾ ਹੋਣ ਤੋਂ ਬਾਅਦ ਤਕ, ਬਸਤੀ ਵਿਚ ਕੁਲ ਗਿਆਰਾਂ ਮੱਝਾਂ ਸਨ। ਨਿੱਕੇ-ਨਿਆਣਿਆਂ ਨੂੰ ਖਿਲਾਉਣ-ਪਿਲਾਉਣ ਤੋਂ ਬਾਅਦ ਜੋ ਬਚਦਾ, ਉਹ ਖਾ ਪੀ ਕੇ ਬੁੱਢੇ ਵੀ ਮਸਤਾਏ ਫਿਰਦੇ ਸਨ। ਹੁਣ ਇਕ ਵੀ ਮੱਝ ਨਹੀਂ ਬਚੀ। ਹੌਲੀ ਹੌਲੀ ਸਾਰਾ ਮਾਲ ਡੰਗਰ ਵਿਕਦਾ ਗਿਆ। ਚਾਰ ਸਾਲ ਪਹਿਲਾਂ ਦੋ ਮੱਝਾਂ ਬਚੀਆਂ ਸਨ। ਇਕ ਹੜ੍ਹ ਵਿਚ ਰੁੜ੍ਹ ਗਈ, ਤੇ ਦੂਸਰੀ ਨੂੰ ਨਜ਼ਰਬਲੀ ਆਪ ਹੱਥੀਂ ਇਕ ਸਾਹਿਬ ਦੇ ਬੰਗਲੇ ਬੰਨ੍ਹ ਆਇਆ ਸੀ। ਸਾਹਿਬ ਨੂੰ ਮੱਝ ਦੇਣ ਤੇ ਬੜੀ ਬਹਿਸ ਹੋਈ ਸੀ। ਪਰ, ਕਿਸੇ ਦੇ ਪੱਲੇ ਧੇਲਾ ਵੀ ਨਹੀਂ ਸੀ। ਅਖੀਰ ਵਿਚ ਸਾਰੇ ਉਸ ਦੀ ਗਲ ਮੰਨ ਗਏ ਸਨ। ਸਾਹਿਬ ਨੇ ਮੁਰਗੀ ਫਾਰਮ ਕੋਲ ਬਣ ਰਹੇ ਕੁਆਟਰ ਦੇਣ ਦਾ ਦਾਅਵਾ ਕੀਤਾ ਸੀ। ਨਜ਼ਰਬਲੀ ਦੀ ਬਸਤੀ ਦੇ ਹਰੇਕ ਆਦਮੀ ਦਾ ਨਾਂ ਫੇਹਰਿਸਤ ਵਿਚ ਲਿਖਿਆ ਗਿਆ ਸੀ, ਪਰ ਜਦੋਂ ਕੁਵਾਟਰ ਵੰਡੇ ਗਏ ਤਾਂ ਫ਼ਿਹਰਿਸਤ ਬਦਲ ਗਈ। ਸਾਰੇ ਲੋਕ ਆਪਣੇ ਹੱਥ ਮਲਦੇ ਰਹਿ ਗਏ।

ਨਜ਼ਰਬਲੀ ਕਰਵਟ ਬਦਲਦਾ ਹੈ। ਤਮਾਕੂ ਦੇ ਟੁਕੜੇ ਦਾੜ੍ਹ ਦੀ ਖੋੜ ਵਿਚ ਫਸ ਗਏ ਹਨ। ਦਾੜ੍ਹ ਦਰਦ ਕਰ ਰਹੀ ਹੈ। ਉਹ ਵਾਰ-ਵਾਰ ਦਾੜ੍ਹ ਤੇ ਜੀਭ ਫੇਰਦਾ ਹੈ। ਸਰਾਣੇ ਵਲੋਂ ਲੋਟਾ ਚੁਕ ਕੇ ਕੁਲੀ ਕਰਦਾ ਹੈ, ਪਰ ਕੋਈ ਫਰਕ ਨਹੀਂ ਪੈਂਦਾ। ਉਹ ਸਿੱਧਾ ਲੰਮਾ ਪੈ ਜਾਂਦਾ ਹੈ। ਸੜਕ ਤੋਂ ਟਰੱਕ ਲੰਘ ਰਿਹਾ ਹੈ। ਹਨੇਰੇ ਵਿਚ ਢੱਕੀਆਂ ਝੁੱਗੀਆਂ ਨੂੰ ਰੋਸ਼ਨੀ ਨਾਲ ਵਿੰਨ੍ਹਦਾ ਹੋਇਆ ਅੱਗੇ ਨਿਕਲ ਜਾਂਦਾ ਹੈ। ਇਸ ਤਰ੍ਹਾਂ ਦੀ ਅਚਾਨਕ ਰੋਸ਼ਨੀ ਨਜ਼ਰਬਲੀ ਨੂੰ ਬਹੁਤ ਬੁਰੀ ਲਗਦੀ ਹੈ। ਉਸ ਨੂੰ ਲਗਦਾ ਹੈ ਕਿ ਭਰੇ ਬਜ਼ਾਰ ਵਿਚ ਕੋਈ ਉਸਦੀ ਧੋਤੀ ਖਿੱਚ ਕੇ ਨੱਠ ਗਿਆ ਹੋਵੇ। ਪਰਸੋਂ ਇਸ ਹਲਕੇ ਦੇ ਦਰੋਗੇ ਨੇ ਵੀ ਉਸ ਨਾਲ ਇਵੇਂ ਹੀ ਕੀਤਾ ਸੀ। ਉਦੋਂ ਹੀ ਆਪਣੀ ਲਾਜ ਬਚਾਉਣ ਖਾਤਿਰ ਬਦਹਵਾਸ ਭੱਜ ਰਿਹਾ ਹੈ, ਜਿਵੇਂ ਪਿਛੇ ਕੋਈ ਹਲਕਿਆ ਹੋਇਆ ਕੁੱਤਾ ਲਗਿਆ ਹੋਵੇ।

ਪਰਸੋਂ, ਸ਼ਾਮ ਢਲੇ ਉਹ ਏਸੇ ਮੰਜੀ ਤੇ ਬੈਠਾ ਨਸੀਰ ਦੇ ਮੁੰਡੇ ਨੂੰ ਖਿਡਾ ਰਿਹਾ ਸੀ ਕਿ ਅਚਾਨਕ ਇਕ ਜੀਪ ਸਾਹਮਣੇ ਸੜਕ ਤੇ ਆ ਰੁਕੀ ਸੀ। ਦਰੋਗੇ ਨੇ ਜੀਪ ਵਿਚ ਬੈਠਿਆਂ ਹੀ ਡੰਡੇ ਨਾਲ ਇਸ਼ਾਰਾ ਕਰਕੇ ਉਸਨੂੰ ਸੱਦਿਆ ਸੀ। ਨਸੀਰ ਦੇ ਮੁੰਡੇ ਨੂੰ ਮੰਜੀ ਤੇ ਛੱਡ ਕੇ ਉਹ ਭੱਜਦਾ ਹੋਇਆ ਜੀਪ ਕੋਲ ਗਿਆ ਸੀ। ਦਰੋਗੇ ਨੂੰ ਸਲਾਮ ਕੀਤੀ ਸੀ। ਦਰੋਗਾ ਇਕੋ ਵਾਰੀ ਕਈ ਸਵਾਲ ਪੁੱਛ ਗਿਆ ਸੀ, ਤੇ ਉਹ ਇਕੋ ਸਾਹ ਵਿਚ 'ਮਾਈ-ਬਾਪ, ਹਜ਼ੂਰ, ਸਰਕਾਰ' ਸਭ ਮਿਲਾ ਕੇ, ਕਹਿਣ ਲਗ ਪਿਆ ਸੀ — "ਅਸੀਂ ਤਾਂ ਘੁਮੱਕੜ ਆਦਮੀ ਹਾਂ ਸਰਕਾਰ — — — ਪਰਦੇਸੀ ਲੋਕ ਹਾਂ — — — ਪਰਦੇਸੀ ਲੋਕ ਹਾਂ। — — ਪਰਦੇਸੀ ਦਾ ਮਤਲਬ — — ਨਾ ਘਰ, ਨਾ ਘਾਟ। ਪੱਥਰ ਦਾ ਕਾਰੋਬਾਰ ਕਰਦੇ ਹਾਂ ਹਜ਼ੂਰ। ਸਿਲਾਂ-ਵੱਟੇ ਬਣਾਉਂਦੇ ਹਾਂ, ਸਰਕਾਰ। — — ਖਾਣ ਜੋਗਾ ਕਮਾ ਲੈਂਦੇ ਹਾਂ। — — ਈਮਾਨ ਕਸਮ! ਤੁਸੀਂ ਮਾਈ ਬਾਪ ਹੋ, ਤੁਹਾਡੇ ਕੋਲ ਝੂਠ ਥੋੜ੍ਹੇ ਬੋਲਾਂਗੇ, ਸਰਕਾਰ। — — ਚੋਰੀ ਬਦਮਾਸ਼ੀ ਨਹੀਂ ਕਰਦੇ। ਸਾਰੀ ਦਿਹਾੜੀ ਮਿਹਨਤ ਕਰਦੇ ਹਾਂ, ਰਾਤ ਨੂੰ ਰੁੱਖਾ-ਮਿਸਾ ਖਾ ਕੇ ਸੌਂਦੇ ਹਾਂ, ਹਜ਼ੂਰ! — — — ਹਾਂ ਸਰਕਾਰ, ਹਫਤਾ ਹੋਇਆ ਆ ਕੇ ਠਹਿਰੇ ਹਾਂ। — — — ਇਸ ਤੋਂ ਪਹਿਲਾਂ 'ਆਰ ਬਿਲੋਕ' ਚੌਰਾਹੇ ਦੇ ਕੰਢੇ ਸਾਂ। — — — ਜੀ ਹਾਂ, ਸਰਕਾਰ। ਕਲਕਟਰ ਸਾਹਬ ਦਾ ਔਡਰ ਹੋਇਆ ਕਿ, ਛੇਤੀ ਥਾਂ ਖਾਲੀ ਕਰੋ — — — ਸੱਭ ਉੱਜੜ ਗਿਆ ਮਾਈ ਬਾਪ! — — — ਹੁਣ ਤੁਹਾਡੇ ਇਲਾਕੇ ਵਿਚ ਠਹਿਰੇ ਹਾਂ ਹਜ਼ੂਰ — — — ਤੁਸੀਂ ਹੀ ਮਾਈ-ਬਾਪ ਹੋ। — — — ਤੁਸੀਂ ਜੋ ਕਹੋਗੇ, ਔਕਾਤ ਮੁਤਾਬਿਕ ਤੁਹਾਡੀ ਖਿਦਮਤ ਕਰਾਂਗੇ, ਹਜ਼ੂਰ — — ਕਰਾਂਗੇ ਕਿਉਂ ਨਹੀ ਸਰਕਾਰ — —'

ਦਰੋਗਾ ਗਰਜ ਕੇ ਬੋਲਿਆ ਸੀ — "ਕੁਝ ਨਹੀਂ ਸੁਣਨਾ, — — — 'ਤੁਹਾਡੇ ਵਰਗੇ ਸਾਰੇ ਇਸੇ ਤਰ੍ਹਾਂ ਹੀ ਮੈਂ ਮੈਂ ਕਰਦੇ ਹਨ, ਤੇ ਰਾਤ ਨੂੰ ਡਕੈਤੀਆਂ ਕਰਦੇ ਹਨ। ਮੇਰੇ ਇਲਾਕੇ ਵਿਚ ਨਹੀਂ ਚਲਣਾ, ਸੱਭ ਕੁੱਝ। — — — ਬੋਰੀਆਂ ਬਿਸਤਰਾ ਗੋਲ ਕਰੋ ਅਤੇ ਇਕ-ਦੋ ਦਿਨਾਂ ਵਿਚ ਥਾਂ ਖਾਲੀ ਕਰੋ।"

ਨਜ਼ਰਬਲੀ ਰੋਣ-ਹਾਕਾ ਹੋ ਕੇ ਬੋਲਿਆ ਸੀ — "ਨਹੀਂ ਸਰਕਾਰ ਸਾਡੇ ਬੱਚੇ ਏਦਾਂ ਦੇ ਨਹੀਂ ਹਨ।"

"ਸਾਰੇ ਕਿੰਨੇ ਜਣੇ ਹੋ ?" ਦਰੋਗਾ ਜੀਪ ਤੋਂ ਥਲੇ ਉਤਰ ਆਇਆ ਸੀ। — — — "ਸਾਰਿਆਂ ਨੂੰ ਮੇਰੇ ਸਾਮ੍ਹਣੇ ਪੇਸ਼ ਕਰੋ।"

ਫੇਰ ਦਰੋਗੇ ਨੇ ਹਰੇਕ ਨੂੰ ਘੂਰ ਘੂਰ ਕੇ ਵੇਖਿਆ ਸੀ ਨਾਂ ਪੁੱਛਿਆ ਸੀ। ਨਜ਼ਰਬਲੀ ਨੂੰ ਅੱਧੇ ਘੰਟੇ ਬਾਅਦ ਥਾਣੇ ਮਿਲਣ ਨੂੰ ਕਹਿ ਕੇ ਚਲਾ ਗਿਆ ਸੀ। ਉਹ

ਥਾਣੇ ਗਿਆ ਸੀ ਅਤੇ ਦਰੋਗੇ ਨਾਲ ਮੁਲਾਕਾਤ ਕਰਕੇ ਮੁੜਿਆ ਸੀ – ਅੱਧੇ ਪਾਗਲ ਵਾਂਗ।

ਨਜ਼ਰਬਲੀ ਦਾ ਸਾਹ ਧੌਂਕਣੀ ਵਾਂਗ ਚੱਲ ਰਿਹਾ ਰਿਹਾ ਹੈ। ਅੱਖਾਂ ਅੱਗੇ ਹਨੇਰਾ ਛਾਈ ਜਾ ਰਿਹਾ ਹੈ। ਉਸ ਨੂੰ ਲੱਗਦਾ ਹੈ, ਚਾਰੇ ਪਾਸਿਓਂ ਸ਼ਕੂਰ, ਨਸੀਰ, ਹਮੀਦ, ਕਮਰੂ, ਰਹਿਮਾਨ, ਅਬਦੁੱਲ ਅਤੇ ਸ਼ਾਨੂਰ ਉਸ ਆ ਰਹੇ ਹਨ। ਸਾਰਿਆਂ ਦੇ ਹੱਥਾਂ ਵਿਚ ਪੱਥਰਾਂ ਦੇ ਵੱਡੇ-ਵੱਡੇ ਟੋਟੇ ਫੜੇ ਹੋਏ ਹਨ। ਸਾਰੇ ਹੀ ਉਸ ਨੂੰ ਪੱਥਰ ਮਾਰਨ ਲਗ ਪੈਂਦੇ ਹਨ। ਉਸ ਦੀ ਦੇਹ ਫਿੱਸ ਜਾਂਦੀ ਹੈ।

ਪੀਆਂ ਮੋਰਾ ਗਾਇਲਾ ਪੂਰਬਾ ਕੇ ਦੇਸ਼ਵਾ' ਝੁੱਗੀਆਂ ਦੇ ਪਿੱਛਿਓਂ ਰੇਲਵੇ ਲਾਈਨ ਦੇ ਕਿਨਾਰੇ ਖਜੂਰਾਂ ਦੇ ਬਾਗ ਵਿਚੋਂ ਆਉਣ ਇਹ ਅਵਾਜ਼, ਨਜ਼ਰਬਲੀ ਦੇ ਇਸ ਭਿਆਨਕ ਸੁਫ਼ਨੇ ਨੂੰ ਵਹਾਉਂਦੀ ਹੋਈ ਅੱਗੇ ਨਿਕਲ ਜਾਂਦੀ ਹੈ। ਉਹ ਹੜ-ਬੜਾ ਕੇ ਉਠਦਾ ਹੈ। ਸਾਰੇ ਲੋਕ ਆਸੇ-ਪਾਸੇ ਘੁਰਾੜੇ ਮਾਰ ਰਹੇ ਹਨ। ਨਜ਼ਰਬਲੀ ਮੁੜ੍ਹਕਾ ਪੂੰਝਦਾ ਹੈ ਤੇ ਪਾਣੀ ਪੀਂਦਾ ਹੈ। ਸਰੀਰ ਜ਼ਰਾ ਵੱਸ ਵਿਚ ਆਉਂਦਾ ਹੈ।

ਨਗੇਸਰ ਪਾਸੀ ਗਾ ਰਿਹਾ ਹੈ। ਰਾਤ ਲਗਾਤਾਰ ਮੁੱਕਦੀ ਜਾ ਰਹੀ ਹੈ। ਹੁਣ ਸਵੇਰ ਹੋਵੇਗੀ। ਨਗੇਸਰ ਦਾ ਗੀਤ ਸਵੇਰ ਹੋਣ ਦਾ ਸਿਗਨਲ ਹੈ। ਮੂੰਹ ਹਨੇਰੇ ਹੀ ਖਜੂਰਾਂ ਤੇ ਚੜ੍ਹ ਕੇ ਤਾੜੀ ਲਾਹੁਣ ਲਗ ਪੈਂਦਾ ਹੈ। ਸੂਰਜ ਨਿਕਲਣ ਤੋਂ ਪਹਿਲਾਂ ਹੀ ਬਾਗ ਵਿਚ ਦੁਕਾਨ ਲਾ ਲੈਂਦਾ ਹੈ।

ਬਿਲਕੁਲ ਨਗੇਸਰ ਵਰਗੀ ਹੀ ਮਸਤੀ ਭਰੀ ਅਵਾਜ਼ ਨਜ਼ਰਬਲੀ ਦੀ ਸੀ। ਉਮਰ ਦੇ ਨਾਲ ਸਭ ਕੁਝ ਜਾਂਦਾ ਰਿਹਾ। ਨਜ਼ਰਬਲੀ ਗਾਉਂਦਾ ਤਾਂ ਉਸ ਦੀ ਉਚੀ ਅਵਾਜ਼ ਅਸਮਾਨ ਦਾ ਕਾਲਜਾ ਚੀਰ ਦੇਂਦੀ ਸੀ। ਉਹ ਆਪਣੇ ਅੱਬਾ ਦੇ ਸੁਰ ਨਾਲ ਮਿਲ ਕੇ ਗਾਇਆ ਕਰਦਾ ਸੀ। ਅੱਬਾ ਦੀ ਮੌਤ ਮਗਰੋਂ, ਰਾਹ ਚਲਦਿਆਂ ਕਿੱਸੇ-ਕਹਾਣੀਆਂ ਸੁਣਾਉਣ ਦਾ ਜ਼ੁੰਮਾ ਨਜ਼ਰਬਲੀ ਨੇ ਆਪਣੇ ਉਪਰ ਲੈ ਲਿਆ ਸੀ। ਹੁਣ ਤਾਂ ਮੁੱਦਤਾਂ ਹੋ ਗਈਆਂ ਗੀਤ ਗਾਇਆਂ ਨੂੰ। ਮਨ ਵਿੱਚ ਲਾਲਸਾ ਵੀ ਨਹੀਂ ਉੱਠਦੀ। ਬਸਤੀ ਦੇ ਹਮ-ਉਮਰ ਲੋਕ ਵੀ ਨਹੀਂ ਰਹੇ। ਸ਼ਾਨੂਰ ਦੀ ਮਾਂ ਵੀ ਮਰ ਗਈ। ਜਵਾਨ ਨੋਂਹਾਂ ਧੀਆਂ ਵਿਚ ਬੈਠ ਕੇ ਗਾਉਣਾ ਚੰਗਾ ਵੀ ਨਹੀਂ ਲੱਗਦਾ।

ਰਾਤ ਥੱਲੇ ਲੱਥ ਚੁਕੀ ਹੈ। ਨਜ਼ਰਬਲੀ ਦੀਆਂ ਅੱਖਾਂ ਵਿਚ ਨੀਂਦ ਦਾ ਨਾਂ ਨਿਸ਼ਾਨ ਵੀ ਨਹੀਂ ਹੈ। ਨਸੀਰ ਝੁੱਗੀ ਵਿਚੋਂ ਬਾਹਰ ਨਿਕਲਦਾ ਹੈ। ਹੌਲੀ ਜਿਹੇ ਅਵਾਜ਼ ਮਾਰਦਾ ਹੈ – "ਦੱਦਾ!"

"ਹੂੰ...... ਹ........" ਨਜ਼ਰਬਲੀ ਹੌਲੀ ਜਿਹੇ ਹੁੰਗਾਰਾ ਦਿੰਦਾ ਹੈ।

"ਸੁੱਤੇ ਨਹੀਂ?" ਨਸੀਰ ਪੁੱਛਦਾ ਹੈ।

ਨਜ਼ਰਬਲੀ ਉਠ ਕੇ ਬੈਠ ਜਾਂਦਾ ਹੈ – ਹੁਣ ਕੀ ਸੌਣਾ? ਸਵੇਰ ਹੋ ਰਹੀ ਹੈ।"

ਨਸੀਰ ਝੁੱਗੀ ਦੇ ਅੰਦਰ ਜਾਂਦਾ ਹੈ। ਆਪਣੇ ਮੁੰਡੇ ਨੂੰ ਕੁੱਛੜ ਚੁੱਕੀ ਬਾਹਰ ਆਉਂਦਾ ਹੈ। ਉਸ ਨੂੰ ਨਜ਼ਰਬਲੀ ਦੀ ਗੋਦ ਵਿਚ ਬਿਠਾ ਦੇਂਦਾ ਹੈ। ਉਹ ਪੁੱਛਦਾ ਹੈ – "ਜਾਗ ਪਿਆ?"

"ਸ਼ੈਤਾਨ ਆ ਸਹੁਰਾ। ਸੁੱਤਾ ਹੀ ਨਹੀਂ – – – ਸਾਰੀ ਰਾਤ ਹੱਥ ਪੈਰ ਚਲਾਉਂਦਾ ਰਿਹਾ।" ਕਹਿੰਦਿਆਂ ਹੋਇਆ ਨਸੀਰ ਆਪਣਾ ਮਿੱਟੀ ਦਾ ਲੋਟਾ ਲੈ ਕੇ ਚਲਾ ਜਾਂਦਾ ਹੈ।

ਸ਼ਾਨੂਰ ਦੀ ਜ਼ਨਾਨੀ ਆ ਕੇ ਨਜ਼ਰਬਲੀ ਦੇ ਲੋਟੇ ਵਿਚ ਪਾਣੀ ਪਾ ਜਾਂਦੀ ਹੈ। ਅਬਦੁੱਲ ਦੀ ਜ਼ਨਾਨੀ ਬਾਲਟੀ ਲੈ ਕੇ ਪਾਣੀ ਲੈਣ ਜਾ ਰਹੀ ਹੈ। ਪੱਥਰਾਂ ਤੇ ਸੁੱਤੇ ਲੋਕ ਹਿਲ-ਜੁੱਲ ਰਹੇ ਹਨ। ਕੁਝ ਅੱਖਾਂ ਮਲਦੇ ਉਠੇ ਰਹੇ ਹਨ। ਨਸੀਰ ਦਾ ਮੁੰਡਾ ਨਜ਼ਰਬਲੀ ਦੀ ਗੋਦ ਵਿਚ ਉਛਲ-ਕੁਦ ਰਿਹਾ ਹੈ। ਸਵੇਰ ਹੋਣ ਵਾਲੀ ਹੈ।

o

ਸੂਰਜ ਅੱਗ ਦੇ ਗੋਲੇ ਵਾਂਗ ਦਗ ਰਿਹਾ ਹੈ। ਦਿਨ ਤੇਜ਼ੀ ਨਾਲ ਚੜ੍ਹ ਰਿਹਾ ਹੈ। ਤੇਜ਼ ਗਰਮ ਹਵਾ ਮਿੱਟੀ ਦੇ ਵਾ-ਵਰੋਲੇ ਉਡਾ ਰਹੀ ਹੈ। ਸੜਕ ਦੇ ਕੰਢੇ ਦਰਖਤਾਂ ਦੀ ਛਾਵੇਂ ਚਾਰ-ਪੰਜ ਗਭਰੂ ਪੱਥਰਾਂ ਨੂੰ ਸਿੱਲ੍ਹ-ਵੱਟਿਆਂ ਦਾ ਅਕਾਰ ਦੇ ਰਹੇ ਹਨ। ਛੈਣੀ ਹਥੌੜੀ ਦੇ ਸੰਘਰਸ਼ ਵਿਚੋਂ ਨਿਕਲਦੀ – "ਟਨ..........ਟਨ...... ਠੁੱਕ......ਠੁੱਕ" ਦੀ ਅਵਾਜ਼, ਮਿਹਨਤੀ ਸੰਗੀਤ ਪੈਦਾ ਕਰ ਰਹੀ ਹੈ। ਬਸਤੀਆਂ ਦੀਆਂ ਔਰਤਾਂ ਫੇਰੀ ਲਾਉਣ ਗਈਆਂ ਹਨ। ਨਿਆਣੇ ਦੱਦਾ ਦੀ ਮੰਜੀ ਤੇ ਬੈਠ ਰਹੇ ਹਨ। ਨਜ਼ਰਬਲੀ ਕਿਤੇ ਬਾਹਰ ਗਿਆ ਹੋਇਆ ਹੈ।

ਨਸੀਰ ਹਥੌੜੀ ਚਲਾਉਣੀ ਬੰਦ ਕਰਕੇ ਕੋਲ ਪਏ ਲੋਟੇ ਵਿਚੋਂ ਗਟਾ-ਗੱਟ ਪਾਣੀ ਪੀਣ ਲਗਦਾ ਹੈ। ਤੇ ਇਕੋ ਸਾਹ ਵਿਚ ਅੱਧਾ ਲੋਟਾ ਖਾਲੀ ਕਰ ਦਿੰਦਾ ਹੈ। ਲੋਟਾ ਰੱਖ ਕੇ ਸਾਫੇ ਨਾਲ ਮੂੰਹ ਪੂੰਝਦਾ ਹੋਇਆ ਕਹਿੰਦਾ ਹੈ — ਸਾਲੀ ਗਰਮੀ ਵੀ ਲੱਗਦਾ ਹੈ ਜਾਨ ਲੈ ਕੇ ਹੀ ਰਹੇਗੀ। ਸੰਘ ਸੁੱਕੀ ਜਾ ਰਿਹਾ ਹੈ।"

ਸ਼ਾਨੂਰ ਹਥੌੜੀ ਚਲਾਉਣੀ ਬੰਦ ਕਰਕੇ ਕਹਿੰਦਾ ਹੈ — "ਗਰਮੀ ਨਵੀਂ ਤਾਂ ਹੈ ਨਹੀਂ। ਸੰਘ ਕਮਜ਼ੋਰੀ ਨਾਲ ਸੁੱਕ ਰਿਹਾ ਹੈ।"

"ਕਮਜ਼ੋਰੀ?" ਨਸੀਰ ਪਿਛੇ ਨੂੰ ਧੌਣ ਘੁਮਾ ਕੇ ਪੁੱਛਦਾ ਹੈ।

ਸ਼ਾਨੂਰ ਆਪਣੀ ਥਾਂ ਤੋਂ ਉਠ ਕੇ ਨਸੀਰ ਦੇ ਸਾਹਮਣੇ ਆ ਕੇ ਬੈਠ ਜਾਂਦਾ ਹੈ, ਤੇ ਗੱਲ ਨੂੰ ਬਦਲ ਕੇ

ਪੁੱਛਦਾ ਹੈ, "ਹਾਂ ਸੱਚਿਹਿਨੀ ਰਾਤ ਗਏ ਤੂੰ ਤੇ ਦੱਦਾ ਕਿਹੜੀ ਗੱਲ ਤੇ ਘੁਸਰ-ਮੁਸਰ ਕਰ ਰਹੇ ਸੀ ?"

"ਕੁਝ ਵੀ ਨਹੀਂ ਦੱਦਾ ਕੁਝ ਬੋਲੇ ਹੀ ਨਹੀਂ – – – – ਪਰ ਪ੍ਰੇਸ਼ਾਨ ਜ਼ਰੂਰ ਲੱਗ ਰਹੇ ਸਨ।" ਨਸੀਰ ਦੀ ਅਵਾਜ਼ ਗੰਭੀਰ ਹੋ ਜਾਂਦੀ ਹੈ।

ਅਬਦੁੱਲ ਵੀ ਨਸੀਰ ਦੇ ਕੋਲ ਆ ਕੇ ਬੈਠਦਿਆਂ ਹੋਇਆਂ ਕਹਿੰਦਾ "ਪ੍ਰੇਸ਼ਾਨ ਹਨ ... ... ਉਹੀ ਸਾਲਾ ਦਰੋਗਾ ਕੱਲ ਧਮਕੀ ਜੁ ਦੇ ਗਿਆ ਸੀ।"

"ਐਵੇਂ ਪਰੇਸ਼ਾਨ ਹਨ।" ਕਮਰੂ ਹਥੌੜੀ ਚਲਾਂਦਿਆਂ ਕਹਿੰਦਾ ਹੈ – "ਧਰਤੀ ਔਤੇ ਪੁਲਸ – ਦਰੋਗਾ, ਕੋਈ ਨਵੀਂ ਆ ! ਹਫਤਾ ਭਰ ਹੋਇਆ ਬਸੀ-ਬਸਾਈ ਘਰ-ਗ੍ਰਿਹਸਤੀ ਉਜਾੜ ਕੇ ਆਏ ਤੇ ਇਹ ਸਾਲੇ ਮੇਰੇ ਫੇਰ ਜਾਨ ਪਿਛੇ ਲਗ ਗਏ ਹਨ। – – – ਉਜਾੜਨਾ ਹੈ ਤਾਂ ਉਜਾੜ ਦੇਵੇ। ਰੋਹਬ ਕਾਹਦਾ ਪਾਉਂਦਾ ? ਉਜਾੜੂਗਾ ਤੇ ਅਸੀਂ ਫਿਰ ਇਥੇ ਹੀ ਡੇਰਾ ਲਾਵਾਂਗੇ। – – – ਐਤਕੀਂ ਤਾਂ ਲਾਸ਼ ਹੀ ਜਾਊ ਕਮਰੂ ਦੀ, ਕਮਰੂ ਨਹੀਂ ਜਾਣ ਲੱਗਾ।"

ਅਬਦੁੱਲ ਕਹਿੰਦਾ ਹੈ – "ਬਾਰ੍ਹਾਂ ਮਹੀਨੇ ਇਥੋਂ ਉਥੋਂ ਤੰਬੂ ਲਾਉਂਦੇ ਫਿਰੋ ਅਤੇ ਪੈਸੇ ਵੀ ਦੇਵੋ ! ... .. ... ਥੂਅ।"

ਨਸੀਰ ਦੀ ਅਵਾਜ਼ ਭਾਰੀ ਹੋ ਜਾਂਦੀ ਹੈ–"ਸੁਣਿਆ ਬੜਾ ਅੜਬ ਹੈ। ਦੱਦਾ ਕਹਿ ਰਹੇ ਸਨ ਕਿ ਪਰਸੋਂ ਤਕ ਦਾ ਟਾਇਮ ਦੇ ਗਿਆ ਹੈ।"

"ਪੈਸੇ ਜ਼ਿਆਦਾ ਮੰਗਦਾ ਹੋਊ। ਕੁੱਤੇ ਹਨ ਸਾਰੇ ਦੇ ਸਾਰੇ। ਬੁਰਕੀ ਮੋਹਰੇ ਸੁੱਟ ਦੇਵੋ, ਭੌਂਕਣਾ ਬੰਦ ਕਰ ਦੇਣਗੇ।" ਕਮਰੂ ਹਥੌੜੀ ਰੋਕ ਲੈਂਦਾ ਹੈ।

ਨਸੀਰ ਡਰਿਆ ਹੋਇਆ ਹੈ – "ਦੱਦਾ ਕਹਿ ਰਹੇ ਸੀ ਕਿ ਮੰਨੇਗਾ ਨਹੀਂ। ਇਹ ਥਾਂ ਵੀ ਹੱਥੋਂ ਨਿਕਲ ਜਾਵੇਗੀ।"

ਸ਼ਾਨੂਰ ਭੁਜਲਾ ਉੱਠਦਾ ਹੈ – ਕਿੱਦਾਂ ਨਹੀਂ ਮੰਨੂਗਾ। ਐਂਤਕੀ ਤਾਂ ਇਹ ਥਾਂ ਛੱਡਦੇ ਨਹੀਂ। ਪਹਿਲਾਂ ਸਾਨੂੰ ਥਾਂ-ਟਿਕਾਣਾ ਦੇਣ, ਫੇਰ ਉਜਾੜਨ। ਜ਼ਿੰਦਗੀ ਨਾ ਹੋਈ, ਗੁੱਡੀ-ਗੁੱਡੇ ਦਾ ਖੇਲ ਹੋ ਗਿਆ। ਜਦੋਂ ਜੀ 'ਚ ਆਉਂਦਾ ਹੈ, ਲੱਤਾਂ-ਠੁੱਡਾ ਮਾਰ ਕੇ ਭਜਾ ਦਿੰਦੇ ਹਨ।

ਕਮਰੂ ਦਾ ਚਿਹਰਾ ਲਾਲ ਹੋ ਜਾਂਦਾ ਹੈ। ਉਹ ਉਚੀ ਅਵਾਜ਼ ਵਿਚ ਬੋਲਦਾ ਹੈ – "ਸਾਰੀ ਦੁਨੀਆਂ ਹੇਰਾ-ਫੇਰੀ ਕਰਨ ਵਿਚ ਲਗੀ ਹੋਈ ਹੈ, ਪਰ ਇਨ੍ਹੇ ਸਾਲੇ ਦਾ ਧਿਆਨ ਉੱਧਰ ਨਹੀਂ ਜਾਂਦਾ। ਪੁਲਿਸ ਵਾਲੇ ਅੱਖ ਲਾਈ ਰਖਦੇ ਹਨ। ਜਦੋਂ ਕੋਈ ਕੰਮ ਨਹੀਂ ਹੁੰਦਾ, ਤਾਂ ਆ ਜਾਂਦੇ ਹਨ ਉਜਾੜਨ ਵਾਸਤੇ।"

"ਆਉਣਗੇ ਹੀ ਥਾਂ ਖਾਲੀ ਵਲ ਧਿਆਨ ਨਾ ਦੇਵੋਗੇ, ਤਾਂ ਇੱਲਾਂ-ਕਾਂ ਰੋਟੀ ਝਪਟਣਗੇਹੀ। ਸੱਚ ਦੱਦਾ ਦੀ ਭਲਮਾਣਸੀ ਹੈ। ਸਾਡੀ ਗੱਲ ਤਾਂ ਕੋਈ ਮੰਨਦਾ ਹੀ ਨਹੀਂ। ਦੱਦਾ ਸਾਨੂੰ ਦੁੱਧ ਚੁੰਘਦੇ ਬੱਚੇ ਸਮਝਦੇ ਹਨ। ਨਸੀਰ, ਪਾਗਲ ਸਮਝਦਾ ਹੈ। ਪਿਛਲੀ ਵਾਰ ਹੀ ਲੜ-ਝਗੜ ਕੇ ਮੁਰਗੀ-ਫਾਰਮ ਕੋਲ ਦੇ ਕੁਆਟਰਾਂ ਵਿਚ ਡਟ ਜਾਂਦੇ ਤਾਂ ਅੱਜ ਆਹ ਨੌਬਤ ਨਾ ਆਉਂਦੀ, ਪਰ........"

ਗੁੱਸੇ ਵਿਚ ਸ਼ਾਨੂਰ ਕੋਲੋਂ ਅਗੇ ਬੋਲਿਆ ਨਹੀਂ ਜਾਂਦਾ।

ਨਸੀਰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ – "ਦੱਦਾ ਮੂਰਖ ਤਾਂ ਨਹੀਂ। ਬਜ਼ੁਰਗ ਹਨ, ਦੁਨੀਆਂ ਦੇਖੀ ਹੋਈ ਹੈ। ਕੋਈ ਨਾ ਕੋਈ ਰਾਹ ਤਾਂ ਕਢਣਗੇ ਹੀ।"

ਸ਼ਾਨੂਰ ਪਹਿਲਾਂ ਵਾਂਗ ਹੀ ਗੁੱਸੇ ਵਿਚ ਭਰਿਆ ਹੋਇਆ ਹੈ – "ਕਦੋਂ ਕਢੋਗੇ ਰਾਹ ? ਕਬਰ ਵਿਚ ਜਾਣ ਤੋਂ ਬਾਅਦ ?"

"ਓਏ, ਥੁੱਕੋ-ਥੁੱਕੋ ! ਥੁੱਕੋ ਦੇਦਾ ਦੀ ਜ਼ਿੰਦਗੀ ਤੇ। ਨਹੀਂ ਥੁੱਕੋਗੇ ਤਾਂ ਸਾਰੀ ਉਮਰ ਇਵੇਂ ਹੀ ਲੰਘੇਗੀ। ਸਮਝੇ !" ਕਮਰੂ ਥੁੱਕ ਕੇ ਸ਼ਾਨੂਰ ਦੀ ਹਮਾਇਤ ਕਰਦਾ ਹੈ।

"ਸ਼ਕੂਰ ਨਹੀਂ ਆਇਆ ?" ਨਸੀਰ ਗੱਲ ਬਦਲ ਕੇ ਹੋਰ ਪਾਸੇ ਲੈ ਜਾਂਦਾ ਹੈ।

"ਮਹਾਜਨ ਨਾਲ ਹਿਸਾਬ-ਕਿਤਾਬ ਕਰਨਾ ਸੌਖੀ ਗੱਲ ਥੋੜੋ ਆ ! ਦੇਰ ਤਾਂ ਲਗੂਗੀ ਹੀ।" ਕਹਿੰਦਿਆਂ ਹੋਇਆਂ ਅਬਦੁੱਲ ਉਠ ਕੇ ਚਲਾ ਜਾਂਦਾ ਹੈ।

ਸ਼ਾਨੂਰ ਵੀ ਛੈਣੀ-ਹਥੌੜੀ ਚੁੱਕ ਕੇ ਉਠ ਖੜਦਾ ਹੈ। ਕਮਰੂ ਚੁੱਪ-ਚਾਪ ਹੈ। ਨਸੀਰ ਪਾਣੀ ਪੀਂਦਾ ਹੈ। ਸ਼ਕੂਰ, ਹਮੀਦ ਅਤੇ ਰਹਿਮਾਨ 'ਮਹਾਜਨ' ਦੇ ਕੋਲੋਂ ਪੱਥਰ ਲੈਣ ਗਏ ਹਨ। 'ਟਨ – – – ਟਨ – – ਠੁੱਕ – – – ਠੁੱਕ – –" ਦੀਆਂ ਅਵਾਜ਼ਾਂ ਫੇਰ ਆਉਣ ਲੱਗ ਪੈਂਦੀਆਂ ਹਨ। ਸੂਰਜ ਥੋੜਾ ਜਿਹਾ ਪੱਛਮ ਵਲ ਨੂੰ ਖਿਸਕ ਜਾਂਦਾ ਹੈ। ਸਾਹਮਣੇ ਸੜਕ ਤੇ ਲਾਠੀ ਦੇ ਸਹਾਰੇ ਨੀਵੀਂ ਪਾਈ ਨਜ਼ਰਬਲੀ ਤੁਰਿਆ ਜਾ ਰਿਹਾ ਹੈ।

o

ਰਾਤ ਥੋੜੀ ਜਿਹੀ ਬਾਕੀ ਰਹਿ ਗਈ ਹੈ। ਸਿਰਫ ਦੋ ਘੰਟੇ ਦੀ ਗੱਲ ਹੈ। ਅਜ ਦੀ ਰਾਤ ਪਿਛਲੀਆਂ ਦੋ ਰਾਤਾਂ ਨਾਲੋਂ ਜ਼ਿਆਦਾ ਦੁਖਦਾਇਕ ਹੈ। ਉਪਰੋਂ ਗੁੰਮ-ਸੁੰਮ, ਪਰ ਅੰਦਰੋਂ ਛੁਰੀ ਵਾਂਗ ਚੀਰਦੀ ਹੋਈ ਬੀਤ ਰਹੀ ਹੈ। ਹੁੰਮ ਕੱਲ ਵਾਂਗ ਹੀ ਹੈ ਅਤੇ ਨਜ਼ਰਬਲੀ ਉਸਲਵੱਟੇ ਲੈ ਰਿਹਾ ਹੈ।

ਰਸੀਦਾ ਦੀ ਝੁੱਗੀ ਵਿਚ ਦੀਵਾ ਜੱਗ ਰਿਹਾ ਹੈ। ਕਿਤਿਓਂ 2 ਟਾਟ ਦੇ ਵਿਚੋਂ ਲੋਅ ਬਾਹਰ ਆ ਰਹੀ ਹੈ। ਰਸੀਦਾ ਦਾ ਬੱਚਾ ਬੀਮਾਰ ਹੈ। ਬੀਮਾਰ ਹੈ। ਤ੍ਰਿਕਾਲਾਂ ਤੋਂ ਹੀ ਬੁਖਾਰ ਨਾਲ ਬੇਹੋਸ਼ ਪਿਆ ਹੈ। ਦੁਪਹਿਰ ਵੇਲੇ

ਲੂ ਲੱਗ ਗਈ ਸੀ। ਨਸੀਰ ਕੁਝ ਦੇਰ ਪਹਿਲਾਂ ਜਾਗਦਾ ਰਿਹਾ ਸੀ, ਪਰ ਹੁਣ ਪੱਥਰਾਂ ਉੱਤੇ ਬੇ-ਖ਼ਬਰ ਸੁੱਤਾ ਹੋਇਆ ਹੈ।

ਰਾਤ ਦੀ ਇਸ ਚੁੱਪ ਨਾਲ ਨਜ਼ਰਬਲੀ ਦਾ ਮਨ ਬੇਚੈਨ ਹੋ ਰਿਹਾ ਹੈ। ਰਸੀਦਾ ਦੀ ਝੁੱਗੀ ਵਿਚਲੀ ਚੁੱਪ ਉਸ ਨੂੰ ਦੁਖੀ ਕਰ ਰਹੀ ਹੈ ਤੇ ਡਰਾਉਣੀ ਲੱਗ ਰਹੀ ਹੈ। ਉਹ ਚਾਹੁੰਦਾ ਹੈ ਕਿ, ਕੱਲ ਵਾਂਗ ਹੀ ਰਸੀਦਾ ਦੀ ਝੁੱਗੀ ਵਿਚ ਖੌਰੂ ਹੋਵੇ। ਮੁੰਡੇ ਦੀਆਂ ਸਰਾਰਤਾਂ ਤੋਂ ਤੰਗ ਆ ਕੇ ਰਸੀਦਾ ਬੁੜ-ਬੁੜ ਕਰੇ; ਉਸ ਨੂੰ ਕੁਟੇ-ਮਾਰੇ, ਮੁੰਡਾ ਰੋ ਰੋ ਕੇ ਬਸਤੀ ਦੇ ਲੋਕਾਂ ਦੀ ਨੀਂਦ ਖਰਾਬ ਕਰੇ ਅਤੇ ਫੇਰ ਨਸੀਰ ਖਿਝਕੇ ਰਸੀਦਾ ਨੂੰ ਝਿੜਕੇ। ਉਹ ਕਾਫੀ ਦੇਰ ਤਕ ਇਹ ਸਾਰਾ ਵਾਪਰਨ ਦੀ ਉਡੀਕ ਕਰਦਾ ਹੈ। ਪਰੰਤੂ, ਹੁੰਦਾ ਕੁਝ ਵੀ ਨਹੀਂ।

ਉਸ ਨੂੰ ਨਗੇਸਰ ਯਾਦ ਆਉਂਦਾ ਹੈ। ਉਸ ਦੀ ਅਵਾਜ਼ ਵੀ ਹਾਲਾਂ ਤੀਕ ਨਹੀਂ ਆਈ। ਹੁਣ ਤਾਂ ਤਾੜੀ ਉਤਾਰਨ ਦਾ ਵਕਤ ਵੀ ਹੋ ਗਿਆ ਹੋਣਾ। ਮਨ ਵਿਚ ਧਰਵਾਸ ਬੱਝਦਾ ਹੈ ਕਿ ਨਗੇਸਰ ਉਨੀਂਦਰਾ ਉਠੇਗਾ। ਖਜੂਰ ਦੇ ਦਰਖਤਾਂ ਤੇ ਚੜ੍ਹਦਾ ਹੋਇਆ ਗਾਵੇਗਾ। ਗੀਤ ਦੇ ਬੋਲ ਤੇ ਨਗੇਸਰ ਦੀ ਅਵਾਜ਼ ਨਾਲ, ਥੋੜੀ ਦੇਰ ਲਈ ਉਸ ਦਾ ਸਰੀਰ ਹਲਕਾ-ਫੁੱਲ ਹੋ ਜਾਵੇਗਾ।

ਨਜ਼ਰਬਲੀ ਤੜਫ ਰਿਹਾ ਹੈ। ਮੰਜੀ ਅੱਜ ਹੋਰ ਢਿੱਲੀ ਹੋ ਗਈ ਹੈ। ਤੰਬਾਕੂ ਰਗੜਨ, ਮੂੰਹ ਵਿਚ ਰਖਣ, ਘੜੀ-ਘੜੀ ਥੁੱਕਣ ਤੇ ਪਾਣੀ ਪੀਣ ਦਾ ਸਿਲਸਿਲਾ ਕਲ ਨਾਲੋਂ ਕੁਝ ਜ਼ਿਆਦਾ ਤੇਜ਼ੀ ਨਾਲ ਚਲ ਰਿਹਾ ਹੈ। ਨਜ਼ਰਬਲੀ ਪ੍ਰੇਸ਼ਾਨ ਕਰਨ ਵਾਲੀਆਂ ਕਈ ਰਾਤਾਂ ਗੁਜ਼ਾਰ ਚੁੱਕਾ ਹੈ, ਪਰ ਏਨੀ ਬੇਚੈਨੀ ਪਹਿਲਾਂ ਕਦੀ ਨਹੀਂ ਹੋਈ ਸੀ। ਢੇਰਾਂ ਮੁਸੀਬਤਾਂ ਆਪਣੇ ਮੋਢਿਆਂ ਤੇ ਢੋਂਦਾ ਰਿਹਾ ਹੈ। ਉਜੜਨ-ਬਸਣ ਵਿਚ ਸਾਰੀ ਉਮਰ ਲੰਘ ਗਈ; ਪਰ ਕਲੇਜੇ ਵਿਚ ਇੰਨੀ ਦਹਿਸਤ ਕਦੇ ਨਹੀਂ ਮਹਿਸੂਸ ਕੀਤੀ ਸੀ ਹੜ੍ਹ ਦੇ ਮਾੜੇ ਦਿਨਾਂ ਵਿਚ ਵੀ ਏਦਾਂ ਦਾ ਡਰ, ਏਦਾਂ ਦੀ ਥਕਣ ਅਤੇ ਅੰਦਰੂਨੀ ਲੜਾਈ ਦਾ ਸਾਹਮਣਾ ਨਹੀਂ ਕਰਨਾ ਪਿਆ ਸੀ। ਸਾਰੀ ਬਸਤੀ ਹੜ ਵਿਚ ਡੁੱਬ ਗਈ ਸੀ। ਕੱਪੜਾ-ਲੱਤਾ, ਭਾਂਡਾ-ਟੀਂਡਾ ਹੜ੍ਹ ਗਿਆ ਸੀ।

ਇਕ ਮੱਝ ਤੇ ਸ਼ਕੂਰ ਦੀ ਨੰਨ੍ਹੀ ਜਿਹੀ ਬੱਚੀ ਵੀ ਹੜ੍ਹ ਗਈ ਸੀ। ਹੜ੍ਹ ਦੇ ਮਗਰੋਂ ਰਹਿਮਾਨ ਦੀ ਵਹੁਟੀ ਹੈਜ਼ੇ ਨਾਲ ਮਰ ਗਈ। ਪਰੰਤੂ ਨਜ਼ਰਬਲੀ ਇਸ ਤਰ੍ਹਾਂ ਡਰਿਆ ਤੇ ਥੌਂਦਲਿਆ ਨਹੀਂ। ਉਸ ਨੇ ਚਿਹਰੇ ਤੇ ਇਸ ਮੁਸਬੀਤ ਦਾ ਨਿਸ਼ਾਨ ਤੱਕ ਨਹੀਂ ਆਉਣ ਦਿਤਾ। ਸਾਰਾ ਦੁਖ ਆਪਣੇ ਅੰਦਰ ਹੀ ਸਮੋ ਲਿਆ। — — — — ਪਰ ਹੁਣ ਇਹ ਬੋਝ ਬਹੁਤ ਭਾਰੀ ਹੋ ਗਿਆ ਹੈ, ਦਿਨੋ-ਦਿਨ ਹੋਰ ਭਾਰਾ ਹੋਈ ਜਾ ਰਿਹਾ ਹੈ।

ਹਫਤਾ ਕੁ ਪਹਿਲਾਂ 'ਆਰ ਕਿਲੰਕ' ਚੌਰਾਹੇ ਤੋਂ ਉਜੜ ਕੇ ਚਲਦਿਆਂ ਹੋਇਆਂ ਨਜ਼ਰਬਲੀ ਨੇ ਸੋਚਿਆ ਸੀ ਕਿ ਇਸ ਵਾਰ ਏਦਾਂ ਦੀ ਜਗ੍ਹਾ ਤੇ ਡੇਰਾ ਲਾਵਾਂਗੇ, ਜਿੱਥੇ ਕੁਝ ਸਾਲ ਚੈਨ ਨਾਲ ਗੁਜ਼ਾਰੇ ਜਾ ਸਕਣ। ਇਹ ਸੋਚ ਕੇ ਹੀ ਸ਼ਹਿਰ ਦੇ ਬਾਹਰ ਸੁੰਨ-ਸਾਨ ਜਗ੍ਹਾ 'ਬਾਈ ਪਾਸ' ਦੇ ਕੰਢੇ ਲਾਇਆ ਸੀ। ਇਥੇ ਆ ਕੇ ਇਹੋ ਜਿਹੀ ਮੁਸੀ-ਬਤ ਵਿਚ ਫਸਿਆ, ਉਸ ਦੀਆਂ ਬੁੱਢੀਆਂ ਹੱਡੀਆਂ ਕੜਕ ਰਹੀਆਂ ਹਨ। ਜ਼ਿੰਦਗੀ ਦੇ ਆਖਰੀ ਦਿਨਾਂ ਵਿਚ ਇਹੋ ਜਿਹਾ ਕਲੰਕ ਮੱਥੇ ਲਾ ਕੇ ਜਿਉਣ ਨਾਲੋਂ ਤਾਂ ਕੋਹੜੀ ਹੋ ਕੇ ਜਿਊਣਾ ਵੀ ਜ਼ਿਆਦਾ ਘਿਣੌਣਾ ਹੈ।

'ਚਿਠਿਆ ਮੇਂ ਲਿਖਕੇ ਆਇਲ-ਬ ਗਵਨਵਾ — — — —' ਨਗੇਸਰ ਦੀ ਅਵਾਜ਼ ਨਜ਼ਰਬਲੀ ਨੂੰ ਕੁਝ ਸੁੱਖ ਦਿੰਦੀ ਹੈ। ਅੱਖਾਂ ਖੋਹਲ ਕੇ ਚਾਰੇ ਪਾਸੇ ਦੇਖਦਾ ਹੈ। ਹਨੇਰਾ ਘਟ ਰਿਹਾ ਹੈ। ਹੁਣ ਸਵੇਰ ਹੋਵੇਗੀ। ਉਸ ਤੋਂ ਬਾਅਦ ਦਿਨ ਦਾ ਰੌਲਾ-ਰੱਪਾ ਸ਼ੁਰੂ ਹੋ ਜਾਏਗਾ। ਇਹੀ ਇਕ ਦਿਨ, ਅੱਜ ਦਾ ਦਿਨ ਹੀ ਫੈਸਲੇ ਲਈ ਬਚਿਆ ਹੈ। ਉਸ ਨੇ ਫੈਸਲਾ ਕਰਨਾ ਹੈ ਅਤੇ ਥਾਣੇ ਜਾ ਕੇ ਦਰੋਗੇ ਨੂੰ ਆਪਣੇ ਫੈਸਲੇ ਦੀ ਖ਼ਬਰ ਦੇਣੀ ਹੈ, ਜਾਂ ਉਜੜਦੀ ਹੋਈ ਬਸਤੀ ਦੇਖਣੀ ਹੈ।

ਤੇਜ਼ ਰੌਸ਼ਨੀ ਝੁੱਗੀਆਂ ਦੇ ਹਲਕੇ ਹਨੇਰੇ ਨੂੰ ਚੀਰਦੀ ਹੋਈ ਲੰਘਦੀ ਹੈ। ਨਜ਼ਰਬਲੀ ਨੰਗੇ-ਪਨ ਦੇ ਅਹਿਸਾਸ ਨਾਲ ਭਰ ਜਾਂਦਾ ਹੈ। ਇਸ ਬੁਢਾਪੇ ਵਿਚ ਹਰ ਘੜੀ ਨੰਗੇ ਹੋਣਾ ਹੁਣ ਸਹਾਰਿਆ ਨਹੀਂ ਜਾਂਦਾ। ਉਸ ਦਾ ਮਨ ਭਰ ਜਾਂਦਾ ਹੈ। ਅਪਮਾਨ ਭਰੀ ਜ਼ਿੰਦਗੀ ਦੇ ਗੁਜ਼ਾਰੇ ਪਲਾਂ ਦੀਆਂ ਯਾਦਾਂ ਆਉਣ ਲਗ ਪੈਂਦੀਆਂ ਹਨ।

ਕਲ ਉਹ ਘੰਟਿਆਂ ਬੱਧੀ ਥਾਣੇ ਦੇ ਵਿਚ ਦਰੋਗੇ ਦੇ ਅੱਗੇ ਤਰਲੇ ਕਰਦਾ ਰਿਹਾ ਸੀ। ਮਾਈ-ਬਾਪ, ਸਰ-ਕਾਰ, ਹਜ਼ੂਰ ਕਹਿੰਦਿਆਂ ਤਾਲੂ ਸੁੱਕਣ ਲੱਗ ਪਿਆ ਸੀ। ਪਰ ਦਰੋਗੇ ਤੇ ਕੋਈ ਅਸਰ ਨਹੀਂ ਹੋਇਆ ਸੀ। ਉਹ ਆਪਣੀ ਗੱਲ ਤੇ ਅੜਿਆ ਰਿਹਾ — "ਇਕੋ ਹੀ ਉਪਾਅ ਹੈ। ਉਹ ਕਹਿ ਦਿਤਾ, ਇਸ ਲਈ ਮੰਨ ਜਾ — — ਨਹੀਂ ਤਾਂ ਬਿਨਾਂ ਉਜਾੜੇ ਛੱਡੂੰਗਾ ਨਹੀਂ। ਇਹ ਨਾ ਸਮਝਣਾ ਕਿ ਮੇਰੀ ਨਜ਼ਰ ਤੋਂ ਬਚ ਜਾਵੋਗੇ। ਜੇ ਇਕ ਜਣਾ ਵੀ ਕਿਤੇ ਦਿਸ ਪਿਆ ਤਾਂ ਹੱਡੀਆਂ ਤੋੜ ਦੇਵਾਂਗਾ — — — — — ਬੰਦ ਕਰ ਦਊਂਗਾ ਲਾਲ ਹਵੇਲੀ ਵਿਚ।"

ਨਜ਼ਰਬਲੀ ਨੇ 'ਸਲਾਮੀ' ਦੀ ਰਕਮ ਭੰਨਣ ਲਈ ਕਿਹਾ। ਹਰ ਵਕਤ ਗੁਲਾਮੀ ਕਰਨ ਦਾ ਵਚਨ ਦਿਤਾ, ਪਰ ਦਰੋਗਾ ਨਹੀਂ ਮੰਨਿਆਂ। ਬੋਲਿਆ — "ਪੈਸਿਆਂ ਨੂੰ ਤਾਂ ਮੈਂ ਜੁੱਤੀ ਤੇ ਰੱਖਦਾ, ਬੁੱਢਿਆ। ਸੇਠ-ਸ਼ਾਹੂਕਾਰਾਂ ਕੋਲੋਂ ਹੀ ਖਜ਼ਾਨੇ ਭਰਪੂਰ ਰਹਿੰਦੇ ਹਨ। ਤੈਨੂੰ ਜੋ ਕਹਿ ਰਿਹਾ ਹਾਂ — — — ਉਹ ਵੀ ਕੋਈ ਬਹੁਤ ਵਡੀ ਚੀਜ਼ ਨਹੀਂ। ਪਹਿਲਾਂ ਸਲਾਹ ਨਾਲ ਕਹਿ ਰਿਹਾ ਹਾਂ, ਮੰਨ

ਜਾ – – – ਨਹੀਂ ਮੰਨੇਗਾ ਤਾਂ ਪੁਲਿਸ ਵਾਲਿਆਂ ਨੂੰ ਸਾਰੇ ਢੰਗ ਆਉਂਦੇ ਹਨ।"

ਨਜ਼ਰਬਲੀ ਨੇ ਦਰੋਗੇ ਦੇ ਪੈਰ ਵੀ ਫੜੇ ਸਨ, ਪਰ ਉਹ ਨਹੀਂ ਮੰਨਿਆਂ। ਲੱਤ ਮਾਰ ਕੇ ਪਰ੍ਹਾਂ ਸੁੱਟਦਿਆਂ ਕਿਹਾ ਸੀ – "ਪੈਰ ਫੜਨ ਨਾਲ ਕੰਮ ਨਹੀਂ ਚਲਣਾ। – – – – ਰਾਤ ਭਰ ਸੋਚ ਲੈ ਤੇ ਸਵੇਰ ਨੂੰ ਆ ਕੇ ਦੱਸ ਜਾਵੀਂ – – – ਮੈਂ ਜੋ ਕਹਿ ਦਿਤਾ ਸੋ ਕਹਿ ਦਿਤਾ। ਇਸ ਨੂੰ ਬ੍ਰਹਮਾਂ ਦੀ ਲਕੀਰ ਸਮਝ।"

ਨਜ਼ਰਬਲੀ ਅੱਖਾਂ ਵਿਚ ਖਾਰੇ ਪਾਣੀ ਦਾ ਹੜ੍ਹ ਲਈ, ਲਾਠੀ ਦੇ ਸਹਾਰੇ ਵਾਪਸ ਮੁੜ ਆਇਆ ਸੀ। ਥਾਣਿਓਂ ਵਾਪਸ ਆ ਕੇ ਬੇਚੈਨੀ ਤੇ ਚੁੱਪ ਹੋਰ ਵਧਣ ਲੱਗ ਪਈ ਸੀ।

ਰਾਤ ਤਕਰੀਬਨ ਮੁੱਕ ਚੁਕੀ ਹੈ। ਨਜ਼ਰਬਲੀ ਮੰਜੇ ਤੇ ਬੈਠਾ ਮੁੜਕੋ ਮੁੜਕੀ ਹੋ ਗਿਆ ਹੈ। ਬਨੈਣ ਅਤੇ ਧੋਤੀ ਭਿੱਜ ਗਈਆਂ ਹਨ। ਸਰੀਰ ਕੰਬਣ ਲਗ ਪੈਂਦਾ ਹੈ। ਅੱਖਾਂ ਸੁਜ ਗਈਆਂ ਹਨ। ਹੱਥ-ਪੈਰ ਠੰਡੇ ਹੋਣ ਲੱਗ ਪਏ ਹਨ। ਗੋਡਿਆਂ ਨੂੰ ਢਿੱਡ ਨਾਲ ਲਾਕੇ ਤੇ ਲੱਤਾਂ ਨੂੰ ਬਾਹਾਂ ਨਾਲ ਕੱਸ ਕੇ, ਆਪਣੇ-ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦਾ ਹੈ। ਛਾਤੀ ਅੰਦਰ ਅੱਗ ਦੇ ਗੋਲੇ ਵਰਗੀ ਕੋਈ ਚੀਜ਼ ਤੇਜ਼ੀ ਨਾਲ ਘੁੰਮ ਰਹੀ ਹੈ। ਲੱਗਦਾ ਹੈ ਛਾਤੀ ਫੱਟ ਜਾਵੇਗੀ। ਨਜ਼ਰਬਲੀ ਮੂੰਹ ਗੋਡਿਆਂ ਵਿਚ ਲੈ ਲੈਂਦਾ ਹੈ। ਸੁੱਜੀਆਂ ਅੱਖਾਂ ਵਿਚ ਡੱਕਿਆ ਖਾਰੇ ਪਾਣੀ ਦਾ ਹੜ ਬੰਨ ਤੋੜਕੇ ਵਹਿਣ ਲੱਗ ਪੈਂਦਾ ਹੈ। ਹਿੱਚਕੀਆਂ ਨਿਕਲੀਆਂ ਹਨ। ਹਿਚਕੀਆਂ ਦੀ ਅਵਾਜ਼ ਉਚੀ ਹੋਣ ਲਗਦੀ ਹੈ – – – ਹੋਰ ਉਚੀ ਤੋਂ ਉਚੀ ਹੋਈ ਜਾ ਰਹੀ ਹੈ। ਪੱਥਰਾਂ ਤੇ ਸੁਤੇ ਲੋਕ ਹਿੱਲਣ-ਜੁੱਲਣ ਲੱਗਦੇ ਹਨ। ਉਹਨਾਂ ਦੀ ਨੀਂਦ ਟੁੱਟ ਜਾਂਦੀ ਹੈ।

ਨਸੀਰ ਚੀਕਦਾ ਹੈ – "ਰਸੀਦ ਕੀ ਹੋਇਆ ਮੁੰਡੇ ਨੂੰ ?"

ਰਸੀਦਾ ਬਦ-ਹਵਾਹ ਜਿਹੀ ਬਾਹਰ ਨਿਕਲਦੀ ਹੈ। ਮੁੰਡਾ ਬੁਖਾਰ ਨਾਲ ਬੇ-ਸੁਰਤ ਪਿਆ ਹੈ।

ਨਸੀਰ ਹਿਚਕੀਆਂ ਦੀ ਅਵਾਜ਼ ਪਛਾਣ ਲੈਂਦਾ ਹੈ। ਫੇਰ ਚੀਕਦਾ ਹੈ – 'ਦੱਦਾ – – – ਕੀ ਹੋਇਆ ? ਰੋ ਕਿਉਂ ਰਹੇ ਹੋ ?"

ਨਸੀਰ ਦੀ ਚੀਖ ਪੱਥਰਾਂ ਉਤੇ ਹਿੱਲ-ਜੁਲ ਕਰ ਰਹੇ ਲੋਕਾਂ ਤੇ ਬਿਜਲੀ ਵਾਂਗ ਕੜਕ ਕਰਦੀ ਡਿਗਦੀ ਹੈ। ਸਾਰੇ ਪਾਗਲਾਂ ਵਾਂਗ ਦੌੜਦੇ ਹੋਏ ਨਜ਼ਰਬਲੀ ਦੀ ਮੰਜੀ ਕੋਲ ਆ ਜਾਂਦੇ ਹਨ। ਔਰਤਾਂ ਅਤੇ ਬੱਚੇ ਵੀ ਮੰਜੀ ਆਲੇ ਦੁਆਲੇ ਖੜ ਜਾਂਦੇ ਹਨ। ਸਾਰੇ ਪੁੱਛ ਰਹੇ ਹਨ – "ਕੀ ਹੋਇਆ ਦੱਦਾ ?"

ਪੱਥਰ ਕਟਣ ਵਾਲਿਆਂ ਦੀ ਛੋਟੀ ਜਿਹੀ ਬਸਤੀ ਵਿਚ ਤੂਫਾਨ ਆ ਜਾਂਦਾ ਹੈ। ਆਖ਼ਿਰ ਹੋਇਆ ਕੀ ਦੱਦਾ ਨੂੰ ? ਕਿਸੇ ਦੀ ਸਮਝ ਵਿੱਚ ਨਹੀਂ ਸੀ ਆ ਰਿਹਾ। ਨਸੀਰ ਦੱਦਾ ਦੇ ਮੋਢੇ ਫੜ ਕੇ ਝੰਜੋੜਦਾ ਹੈ – "ਬੋਲਦੇ ਕਿਉਂ ਨਹੀਂ ? ਦੱਦਾ ਕੀ ਹੋ ਗਿਆ ਤੈਨੂੰ ?"

ਨਜ਼ਰਬਲੀ ਆਪਣਾ ਮੂੰਹ ਗੋਡਿਆਂ ਵਿਚੋਂ ਬਾਹਰ ਕਢਦਾ ਹੈ। ਹਿਚਕੀਆਂ ਦੀ ਅਵਾਜ਼ ਸਵਾਲਾਂ ਦੇ ਵਿਚੋਂ ਵੀ ਆ ਰਹੀ ਹੈ। ਨਸੀਰ ਫੇਰ ਝੰਜੋੜਦਾ ਹੈ – "ਬੋਲੋ, ਬੋਲੋ ਤਾਂ ਸਹੀ ਦੱਦਾ ! ਬੋਲਦੇ ਕਿਉਂ ਨਹੀਂ ?"

ਹਿਚਕੀਆਂ ਦੇ ਵਿਚੋਂ ਨਜ਼ਰਬਲੀ ਦੀ ਅਵਾਜ਼ ਆਉਂਦੀ ਹੈ – "ਨਸੀਰ – – ਬੇਟਾ – – ਤੂੰ ਰਸੀਦਾ ਨੂੰ ਲੈ ਕੇ, ਥੋੜੇ ਦਿਨਾਂ ਲਈ ਕਿਸੇ ਹੋਰ ਥਾਂ ਚਲਾ ਜਾ – – ਇਹ ਬਸਤੀ ਛੱਡ ਦੇ। – – – ਤੂੰ ਮੇਰੇ ਲਈ ਸ਼ਾਨੂਰ ਤੋਂ ਘੱਟ ਨਹੀਂ – – – ਮੇਰੀ ਇਹ ਨਿੱਕੀ ਜਿਹੀ ਗੱਲ ਮੰਨ ਲੈ ਪੁੱਤ।"

"ਕਿਉਂ ? ਕੋਈ ਵਜ੍ਹਾ ਤਾਂ ਦੱਸੋ – – – ਸ਼ਾਨੂਰ ਪੁੱਛਦਾ ਹੈ। ਉਹ ਆਪਣੇ ਦੱਦਾ ਦੀ ਹਿਚਕੀਆਂ ਦਾ ਭੇਤ ਜਾਨਣਾ ਚਾਹੁੰਦਾ ਹੈ।

ਨਜ਼ਰਬਲੀ ਮੂੰਹ ਫੇਰ ਗੋਡਿਆਂ ਵਿਚ ਲੁਕੋ ਲੈਂਦਾ ਹੈ ਅਤੇ ਟੁੱਟਦੀ ਅਵਾਜ਼ ਵਿਚ ਬੋਲਦਾ ਹੈ – "ਦਰੋਗਾ ਕਹਿ ਰਿਹਾ ਸੀ ਕਿ – – – ਇਕ ਰਾਤ ਲਈ ਰਸੀਦਾ ਨੂੰ ਥਾਣੇ ਭੇਜ ਦੇਵੋ। – – – ਉਸ ਨੂੰ ਪੈਸੇ ਨਹੀਂ – – – – ਰਸੀਦਾ ਚਾਹੀਦੀ ਹੈ। – – – – ਉਹ ਆਪਣੀ ਗੱਲ ਤੇ ਅੜਿਆ ਹੋਇਆ – – – ਮੰਨੂੰਗਾ ਨਹੀਂ।"

ਨਜ਼ਰਬਲੀ ਦੀ ਅਵਾਜ਼ ਰੁੱਕ ਜਾਂਦੀ ਹੈ। ਗੱਲਾ ਭਰ ਆਉਂਦਾ ਹੈ। ਚਾਰੇ ਪਾਸੇ ਚੁੱਪ ਹੈ – ਜਾਨ ਲੈਣ ਵਾਲੀ ਚੁੱਪ। ਇਸ ਚੁੱਪ ਨੂੰ ਸ਼ਾਨੂਰ ਦੀ ਅਵਾਜ਼ ਤੋੜਦੀ ਹੈ, ਜਿਵੇਂ ਬਦਲਾਂ ਦੇ ਪਹਾੜ ਕੜ-ਕੜਾਉਂਦੇ ਹੋਏ ਧਰਤੀ ਤੇ ਡਿੱਗ ਰਹੇ ਹੋਣ। ਉਹ ਚੀਕਦਾ ਹੈ – "ਦੱਦਾ ! ਅਸੀਂ ਹਿਜੜੇ ਤਾਂ ਨਹੀਂ। ਆਪਣੀ ਔਲਾਦ ਉਤੇ ਤੈਨੂੰ ਭਰੋਸਾ ਨਹੀਂ ?" – – – – ਅਸੀਂ ਪੱਥਰ-ਕੱਟ ਹਾਂ ਦੱਦਾ। ਜੋ ਪੱਥਰ ਕੱਟ ਸਕਦਾ ਹੈ, ਉਹ ਆਪਣੇ ਦੁਸ਼ਮਨ ਦੀ ਗਰਦਨ ਵੀ ਕੱਟ ਸਕਦਾ ਹੈ। ਰੋਣਾ ਬੰਦ ਕਰੋ। ਸਾਰੀ ਉਮਰ ਰੋਂਦਿਆਂ ਹੀ ਲੰਘ ਗਈ। ... ... ਹੁਣ ਤਾਂ ਰੋਣਾ ਛੱਡ ਦੇਵੋ। ਅਸੀਂ ਕਿਤੇ ਨਹੀਂ ਜਾਵਾਂਗੇ। ਅਸੀਂ ਇਹ ਥਾਂ ਤਦ ਤਕ ਨਹੀਂ ਛੱਡਾਂਗੇ – ਜਦ ਤਕ ਸਰਕਾਰ ਕੋਈ ਹੋਰ ਥਾਂ ਨਹੀਂ ਦਿੰਦੀ। ਭਾਵੇਂ ਗੋਲੀ ਨਾਲ ਉੜਾ ਦੇਵੇ, ਭਾਵੇਂ ਜੇਲ੍ਹ ਵਿਚ ਬੰਦ ਕਰ ਦੇਣ – –"

ਨਜ਼ਰਬਲੀ ਮੂੰਹ ਉਪਰ ਚੁੱਕ ਕੇ ਸਾਰਿਆਂ ਨੂੰ ਵੇਖਦਾ ਹੈ। ਸਾਰਿਆਂ ਦੇ ਚਿਹਰੇ ਲਾਲ ਹੋ ਰਹੇ ਹਨ – – – ਲਾਲ ਪੱਥਰ ਵਾਂਗ।

ਸਵੇਰ ਦੀ ਹਵਾ ਹੌਲੀ ਹੌਲੀ ਵਗਣ ਲੱਗ ਪੈਂਦੀ ਹੈ। ਮਟਮੈਲਾ-ਪਣ ਹਟ ਗਿਆ ਹੈ। ਅਕਾਸ਼ ਦੀ ਕੁੱਖ ਫਟ ਰਹੀ ਹੈ। o

# ਦਰ ਦਰ ਦਾ ਭਿਖਾਰੀ – ਹਿੰਦੁਸਤਾਨ ਹਮਾਰਾ......?

ਐਮ.ਸੀ. ਭਾਰਦਵਾਜ਼

ਸਾਡੇ ਦੇਸ਼ ਦੇ ਖਦਰਧਾਰੀ ਬੇਸ਼ੱਕ ਲੱਖ ਦਮਗਜੇ ਮਾਰਦੇ ਰਹਿਣ ਕਿ ਬਾਹਰ ਹਿੰਦੁਸਤਾਨ ਦੀ ਬਹੁਤ ਇਜ਼ਤ ਹੈ ਪਰ ਸਚਾਈ ਇਹ ਹੈ ਕਿ ਬਦੇਸ਼ਾਂ ਵਿਚ ਸਾਡੇ ਮਹਾਨੋ ਦੇਸ਼ ਨੂੰ ਮੰਗਤੇ ਵਜੋਂ ਹੀ ਜਾਣਿਆ ਜਾਂਦਾ ਹੈ। ਸ਼ਇਦ ਹੀ ਕੋਈ ਐਸਾ ਦੇਸ਼ ਬਚਿਆ ਹੋਵੇ ਜਿਸ ਦੀ ਕਰਜ਼ਾ ਦੇਣ ਦੀ ਸਮੱਰਥਾ ਹੋਵੇ ਅਤੇ ਅਸੀਂ ਉਸ ਤੀਕ ਪਹੁੰਚ ਨਾ ਕੀਤੀ ਹੋਵੇ......? ਸੰਨ ਸਤਾਲੀ ਦੇ ਮੁਕਾਬਲਨ, ਚਾਹੇ ਅਜ ਤਿਗਣਾ ਅਨਾਜ, ਚੌਗੁਣਾ ਕੋਲਾ, ਛੇ ਗੁਣਾ ਖੰਡ–ਘਿਉ, ਅੱਠ ਗੁਣਾ ਸੀਮੈਂਟ–ਰਬੜ, ਬਾਰਾਂ ਗੁਣਾਂ ਲੋਹਾ, ਵੀਹ ਗੁਣਾਂ ਬਿਜਲੀ, ਅੱਸੀ ਗੁਣਾਂ ਪੇਟਰੌਲ, ਸੌ ਗੁਣਾਂ ਖਾਦ ਅਤੇ ਡੂਢ ਸੌ ਗੁਣਾਂ ਮਸ਼ੀਨੀ ਸੰਦਾਂ ਇਨਜੀਨਰਿੰਗ ਵਸਤਾਂ ਘੜੀਆਂ/ਸਾਈਕਲ/ਪੱਖੇ/ਮਸ਼ੀਨਾਂ ਆਦਿ ਦੀ ਪੈਦਾਵਾਰ ਹੋ ਰਹੀ ਹੈ ਪਰ ਭਾਰੀ ਮਾਤਰਾਂ ਵਿਚ ਖਾਦ ਪਦਾਰਥ ਤੇ ਹੋਰ ਵਸਤੂਆਂ ਐਕਸਪੋਰਟ ਕਰੀ ਜਾਣ ਸਕਦਾ 50 ਫੀ ਸਦੀ ਲੋਕ ਕੰਗਾਲੀ-ਰੇਖਾ ਤੋਂ ਵੀ ਹੇਠਾਂ ਦਾ ਜੀਵਨ ਬਸਰ ਕਰ ਰਹੇ ਹਨ ਅਤੇ ਬਾਕੀ 50 ਫੀ ਸਦੀ ਵਿਚੋਂ ਵੀ 49 ਫੀ ਸਦੀ ਨੂੰ ਇਹ ਭੁਲੇਖਾ ਹੀ ਹੈ ਕਿ ਉਹ ਗਰੀਬੀ ਰੇਖਾ ਤੋਂ ਉਪਰ ਹਨ !!! ਮੌਜੂਦਾ ਸਰਕਾਰ ਦੀਆਂ ਦੀਵਾਲੀਆਂ ਨੀਤੀਆਂ ਨੇ ਅਜ, ਦਰ ਦਰ ਦਾ ਭਿਖਾਰੀ ਬਣਾ ਕੇ ਰਖ ਦਿਤਾ ਹੈ—ਹਿੰਦੁਸਤਾਨ ਹਮਾਰਾ ਤੇ ਪਿਛਲੀ ਦਿਨੀਂ, ਆਈ. ਐਮ. ਐਫ. ਕੋਲੋਂ ਅਜ਼ਾਦੀ ਗਹਿਣੇ ਧਰ ਕੇ, ਪ੍ਰਾਪਤ ਕੀਤਾ ਗਿਆ 000 ਕਰੋੜ ਦਾ ਕਰਜ਼ਾ ਇਸ ਦਾ ਸਭ ਤੋਂ ਵੱਡਾ ਸਬੂਤ ਹੈ। ਦੁਨੀਆਂ ਦੇ ਤਮਾਮ ਲਿਖਤੀ-ਅਲਿਖਤੀ ਇਤਿਹਾਸ ਵਿਚ ਐਜਿਹੇ ਕਰਜ਼ੇ ਬਾਬਤ ਅਜ ਤੀਕ ਕਿਸੇ ਸੁਣਿਆ ਸੀ......? ਪਰ 26 ਜਨਵਰੀ ਵਾਲੇ ਦਿਨ ਲਾਲ ਕਿਲੇ ਤੋਂ ਯੁਗੋਂ–ਯੁਗ ਅਟੱਲ ਵਾਲੀ ਬਾਂਗ ਹੀ ਦਿਤੀ ਜਾ ਰਹੀ ਸੀ—"ਹਮ ਨੇ 'ਬਹੁਤ ਸੀ' ਸਮੱਸਿਆਏਂ ਹਲ ਕਲ ਕਰ ਲੀ ਹੈਂ ਫਿਰ ਭੀ ਅਭੀ "ਬਹੁਤ ਸੀ" ਬਾਕੀ ਹੈਂ......

'ਇਤਿਹਾਸਕ' ਕਰਜ਼ਾ ਲੈਣ ਦਾ ਕਾਰਨ, ਸਰਕਾਰ ਵਲੋਂ, "ਬਦੇਸ਼ੀ ਵਪਾਰ ਵਿਚ ਘਾਟਾ" ਦਸਿਆ ਗਿਆ ਸੀ ਪਰ ਦਿਨ–ਬ-ਦਿਨ ਘਾਟੇ ਤੇ ਘਾਟਾ ਪੈਣ ਦਾ ਇਕ ਵੀ ਸਹੀ ਕਾਰਣ ਨਾ ਤਾਂ ਵਰਤਮਾਨ ਪ੍ਰਧਾਨ ਮੰਤਰੀ ਹੋਰਾਂ ਦਸਿਆਂ ਤੇ ਨਾ ਹੀ ਭਵਿਖਤ ਵਿਚ ਹੋਣ ਵਾਲੇ ਪ੍ਰਧਾਨ ਮੰਤਰੀ ਜੀ ਨੇ ਹੀ ਦਸਣ ਦਾ ਕਸ਼ਟ ਕੀਤਾ। ਡੱਗੀ ਵੇਚਣ ਦੇ ਮਾਹਰ ਭਜਨ ਰਾਮ ਹੋਰੀਂ 'ਚੋਰਾਂ ਦਾ ਮਾਲ ਡਾਂਗਾਂ ਦੇ ਗਜ' ਵੇਚਣ ਡਹੇ ਹੋਏ ਹਨ (ਦੱਸ ਦੱਸ ਲੱਖ ਵਾਲੇ ਪਲਾਟ ਵੀਹ ਵੀਹ ਹਜ਼ਾਰ ਵਿਚ ਵੇਚ ਦਿਤੇ ਗਏ ਹਨ) ਤੇ ਗਿਆਨੀ ਜੀ ਅਤੇ ਦਰਬਾਰਾ ਸਿੰਘ ਹੋਰੀ 'ਮਤਭੇਦਾਂ' ਵਿਚ ਹੀ ਉਲਝੇ ਹੋਏ ਹਨ ਤੇ ਨਤੀਜੇ ਵਜੋਂ ਭਾਰਤ ਵਰਸ਼, ਕੌਮਾਂਤਰੀ ਮੰਗਤਾ ਬਣਦਾ ਜਾ ਰਿਹਾ ਹੈ। ਚਲਾਕ ਹੁਕਮਰਾਨ ਜਿਥੇ ਆਪਣੀਆਂ ਕਮਜ਼ੋਰੀਆਂ ਨੂੰ ਚਲਾਕੀ ਨਾਲ ਛੁਪਾ ਰਹੇ ਹਨ, ਹਰ ਸੂਝਵਾਨ ਦੇਸਵਾਸੀ ਦਾ ਉਨ੍ਹਾਂ ਦੀਆਂ ਦੀਵਾਲੀਆਂ ਨੀਤੀਆਂ ਨੂੰ ਨੰਗਿਆ ਕਰਨਾ ਹੀ ਪਰਮੋਧਰਮ ਬਣਦਾ ਹੈ। ਵਰਨਾ ਹਿੰਦੁਸਤਾਨ ਨੂੰ ਬਰਬਾਦੀ ਦੇ ਕਿਨਾਰੇ ਵਲ ਵਧਣ ਤੋਂ ਕੋਈ ਗੈਬੀ ਸ਼ਕਤੀ ਵੀ ਨਹੀਂ ਮੋੜ ਸਕੇਗੀ। ਬਦੇਸ਼ੀ ਵਪਾਰ ਵਿਚ ਘਾਟੇ ਦੇ ਮੁੱਖ ਕਾਰਣ ਹੇਠਾਂ ਦਿਤੇ ਜਾ ਰਹੇ ਹਨ :—

(ੳ) ਤੇਲ ਦੀ ਅੰਧਾ–ਧੁੰਦ ਦਰਾਮਦ (IMPORT)

(ਅ) ਕਣਕ ਤੇ ਖੰਡ–ਘਿਉ ਆਦਿ ਦੀ ਬੇਲੋੜੀ ਬਰਾਮਦ (EXPORT)।

(ੲ) ਸੀਮੈਂਟ; ਸਟੀਲ, ਕਾਗਜ਼ ਆਦਿ ਮੰਗਵਾਉਣਾ।

(ਸ) ਅਯਾਸ਼ੀ ਦੇ ਸਮਾਨ ਦੀ ਦਰਾਮਦ ਵਿਚ ਭਾਰੀ ਵਾਧਾ।

(ਹ) ਬੇਹਿਸਾਬੀ ਬਦੇਸ਼ੀ ਟੈਕਨੌਲੋਜੀ ਅਤੇ ਮਸ਼ੀਨਰੀ, ਮੰਗਵਾਈ ਜਾਣਾ।

ਸਭ ਤੋਂ ਪਹਿਲੇ ਕਾਰਨ ਉਪਰ ਵਿਆਖਿਆ ਵਿਚ ਭਾਵੇਂ ਸਮਤਾ ਦੇ ਜੁਲਾਈ ਅੰਕ ਵਿਚ ਲਿਖਿਆ ਜਾ ਚੁਕਾ ਹੈ (ਹਿੰਦੁਸਤਾਨ ਕਿਉਂ ਬਰਬਾਦੀ ਦੇ ਕਿਨਾਰੇ......) ਪਰ ਲੋੜੀਂਦਾ ਸਾਰ ਮੁੜ ਦਸ ਦੇਵਾਂ :— ਅਜ਼ਾਦੀ ਹੋ ਮਗਰੋਂ ਦੇਸ਼ ਵਿਚੋਂ ਅੱਸੀ ਵਧ ਗੁਣਾ ਪੈਟਰੌਲ ਕਢਿਆ ਜਾ ਰਿਹਾਂ ਹੈ ਪਰ ਦੇਸ਼ ਵਿਚ ਅੰਨ੍ਹੇਵਾਹ ਕਾਰਾਂ ਹਵਾਈ ਬੱਸਾਂ ਹਵਾਈ ਜਹਾਜ ਖਰੀਦੀ ਜਾਣ ਸਦਕਾ ਪੈਟਰੋਲ ਦੀ ਖਪਤ ਵੀ ਬਹੁਤ ਵੱਧ ਚੁੱਕੀ ਹੈ। ਰੇਲਾਂ ਦਾ ਵਿਕਾਸ ਨਾ–ਮਾਤਰ ਹੀ ਹੋਇਆ ਪਰ ਟਰੱਕਾਂ ਦੀ ਗਿਣਤੀ ਪੰਦਰਾਂ ਗੁਣਾਂ ਜ਼ਰੂਰ ਹੋ ਗਈ ਹੈ। ਟਾਟੇ ਦੀ ਜਾਇਦਾਦ ਬੇਸ਼ੱਕ ਅਕਾਸ਼ ਛੋਹਣ ਲਗ ਪਈ ਹੈ ਪਰ ਤੇਲ ਦੀ ਖੱਪਤ ਵੀ 80–85 ਅਰਬ ਰੁਪਏ ਦੀ ਸਲਾਨਾ ਹੋ ਗਈ ਹੈ। (ਸੂਬਾ ਖੁਸ਼ਹਾਲ ਦਾ ਸਲਾਨਾ ਬਜਟ ਕੇਵਲ 3 ਅਰਬ ਦਾ ਹੁੰਦਾ ਹੈ) ਅਜ ਇਕ ਹਿੰਦੁਸਤਾਨੀ ਨੂੰ ਸਾਰੇ ਸਾਲ ਦੁਰਾਨ ਦੁੱਧ ਤਾਂ ਭਾਵੇਂ 45 ਕਿਲੋ ਹੀ ਪੀਣ ਨੂੰ ਨਸੀਬ ਹੁੰਦਾ ਹੈ ਸਵਾ ਦੋ ਛਟਾਂਕ ਪ੍ਰਤੀ ਦਿਨ–ਚੂਹੇ ਦੇ ਮੂਤਰ ਜਿਨਾ) ਪਰ ਪੈਟਰੌਲ ਉਹ 50 ਕਿਲੋ ਪੀ ਜਾਂਦਾ ਹੈ। ਘਰੇਲੂ ਖੱਪਤ, ਬੱਸਾਂ–ਸਕੂਟਰਾਂ, ਰੇਲਵੇ ਅਤੇ ਖੇਤੀਬਾੜੀ ਜੋਗਾ ਤੇਲ ਤਾਂ

ਬੇਸ਼ੱਕ ਦੇਸ਼ ਵਿਚੋਂ ਹੀ ਪ੍ਰਾਪਤ ਹੋ ਜਾਂਦਾ ਹੈ (40%) ਮਗਰ ਕਾਰਾਂ, ਟਰੱਕਾਂ, ਹਵਾਈ ਜਹਾਜ਼ਾਂ ਅਤੇ ਕਾਰਖ਼ਾਨਿਆਂ ਆਦਿ ਲਈ (60 ਫੀ ਸਦੀ) ਪੈਟਰੋਲ ਬਾਹਰੋਂ ਮੰਗਵਾਉਣਾ ਪੈ ਰਿਹਾ ਹੈ। ਇਸ ਕਾਰਨ ਭਾਵੇਂ ਹਿੰਦੁਸਤਾਨ ਕਣਕ – ਕਪਾਹ, ਪਟਸਨ– ਚਾਹ, ਖੰਡ-ਘਿਉ, ਅੰਬ-ਸਿਉ, ਨਾਰੀਅਲ ਦੀ ਮੁੰਜ, ਸੱਪ ਦੀ ਕੁੰਜ, ਜਹਾਜ਼ਾਂ ਦੇ ਜਹਾਜ਼ ਭਰ ਭਰ ਕੇ ਬਾਹਰ ਭੇਜ ਰਿਹਾ ਹੈ ਪਰ ਇਸ ਦੇ ਬਾਵਜੂਦ ਵੀ ਬਦੇਸ਼ੀ ਵਪਾਰ ਵਿਚ ਘਾਟਾ ਵਧਦਾ ਹੀ ਜਾ ਰਿਹਾ ਹੈ। ਪੈਟਰੋਲ ਦੀ ਖਪਤ ਘਟਾਉਣ ਲਈ ਪਣ-ਬਿਜਲੀ ਡੈਮ ਅਤੇ ਥਰਮਲ ਪਲਾਂਟਾਂ ਨੂੰ ਜੰਗੀ ਪਧਰ ਤੇ ਬਣਾਉਣਾ ਚਾਹੀਦਾ ਹੈ। ਟਰਕਾਂ ਦੀ ਜਗ੍ਹਾ, ਰੇਲਾਂ ਜ਼ਰੀਹੇ ਮਾਲ ਢੋਣ ਨੂੰ ਪਹਿਲ ਦੇਣੀ ਪਵੇਗੀ ਕਿਉਂਕਿ ਡੀਜ਼ਲ ਇੰਜਣ (ਰੇਲਵੇ ਦੇ) ਟਰੱਕਾਂ ਦੇ ਮੁਕਾਬਲਨ ਕੇਵਲ 20% ਹੀ ਪੈਟਰੋਲ ਖਾਂਦੇ ਹਨ। ਤੇ ਸਭ ਤੋਂ ਵਧ ਜਿਸ ਚੀਜ਼ ਦੀ ਲੋੜ ਹੈ – ਉਹ ਹੈ ਸਰਕਾਰ ਦੀ ਸਮਸਿਆ ਪ੍ਰਤੀ ਸਹੀ ਪਹੁੰਚ ਮਗਰ ਪਿਛਲੇ ਸਮੇਂ ਵਿਚ ਸਰਕਾਰ ਵਲੋਂ ਕਿੰਨੀ ਕੁ ਸਹੀ ਪਹੁੰਚ ਅਖਤਿਆਰ ਕੀਤੀ ਗਈ ਹੈ ਉਸ ਦਾ ਅੰਦਾਜ਼ਾ ਤੁਸੀਂ ਖੁਦ ਲਗਾ ਲਉ –

ਸਰਕਾਰੀ ਇਕਨੌਮਿਕ ਸਰਵੇ 1980-81 ਵਿਚ ਸਫਾ 49 ਉਪਰ ਲਿਖਿਆ ਹੋਇਆ ਹੈ, "1978-79 ਵਿਚ ਤੇਲ ਦੀ ਦਰਾਮਦ ਉਪਰ 1680 ਕਰੋੜ ਖਰਚ ਹੋਏ ਸਨ ਪਰ 1979-80 ਵਿਚ ਇਹੋ ਖਰਚਾ 5600 ਕਰੋੜ ਹੋਇਆ ਹੈ। ਇਸੇ ਸਮੇਂ ਦੌਰਾਨ ਭਾਵੇਂ ਤੇਲ ਦੀਆਂ ਕੀਮਤਾਂ ਵਿਚ ਸਵਾਇਆਂ ਵਾਧਾ ਹੀ ਹੋਇਆ ਸੀ (120%) ਮਗਰ ਤੇਲ ਦੀ ਖਪਤ ਵਿਚ ਸਵਾ ਤਿੰਨ ਗੁਣਾ (333%) ਤੋਂ ਵੀ ਵੱਧ ਦਾ ਵਾਧਾ ਹੋਇਆ ਸਰਕਾਰ ਦੀ ਦਿਆਨਤਦਾਰੀ ਦਾ ਅੰਦਾਜ਼ਾ ਤੁਸੀਂ ਖੁਦ ਲਾ ਲਉ। ਕੀ ਤੇਲ ਦੀ ਖਪਤ ਵਿਚ ਯਕਦੰਮ ਐਨਾ ਭਾਰੀ ਵਾਧਾ (ਇਕੋ ਸਾਲ ਅੰਦਰ) ਕਰਜ਼ਾਈ ਜ਼ਿਮੀਦਾਰ ਸੰਤੇ ਕਾਰਣ ਹੋਇਆ ਹੈ ਜਾਂ ਕਾਰਖਾਨੇ ਤੁਰ ਕੇ ਜਾਣ ਵਾਲੇ ਨਾਮ੍ਹੂ ਤੇ ਸੰਤੇ ਕਾਰਣ..?

ਕੀ ਸਕੂਟਰ ਬਾਬੂਆਂ ਹੀ ਤੇਲ ਡਬਲ ਫੂਕਣਾ ਸ਼ੁਰੂ ਕਰ ਦਿੱਤਾ ਹੈ ਜਾਂ ਘਰ ਦੀਆਂ ਸੁਆਣੀਆਂ ਨੇ ? ਤੁਹਾਡੀਆਂ ਭਾਵੇਂ ਡਿਪੂਆਂ ਤੇ ਪਗਾਂ ਲੱਥ ਜਾਣ ਲਗੀ ਪਈਆਂ ਹਨ ਮਗਰ ਦੇਸ਼ ਵਿਚ ਤੇਲ ਦੀ ਖਪਤ ਬਿਲਕੁਲ ਨਹੀਂ ਹੈ ਘਟੀ। ਬਦੇਸ਼ੀ ਵਪਾਰ ਵਿਚ ਘਾਟੇ ਦਾ ਦੂਜਾ ਕਾਰਣ ਹੈ ਅਯੋਜਨਾਬੰਦੀ (Ill Planning) ਅਤੇ ਕੁਪ੍ਰਬੰਧ (Mis-Management) ਜਿਸ ਦਾ ਸਬੂਤ ਇਸ ਤੋਂ ਹੀ ਪਤਾ ਲੱਗ ਜਾਵੇਗਾ ਕਿ ਦੇਸ਼ ਵਿਚੋਂ (ਦੁਧ ਦਾ ਪਾਉਡਰ, ਮੱਖਣ) ਦੇਸੀ ਘਿਉ ਬਾਹਰ ਭੇਜਿਆ ਜਾ ਰਿਹਾ ਹੈ ਤੇ ਡਾਲਡੇ ਘਿਉ ਖਾਤਰ ਤੇਲ ਅਤੇ ਤੇਲ ਵਾਲੇ ਬੀਜ ਬਾਹਰੋਂ ਮੰਗਵਾਏ ਜਾਂ ਰਹੇ ਹਨ। ਪ੍ਰਚਲਤ ਦੁਰਪ੍ਰਬੰਧ ਕਾਰਣ ਹੀ 6-7 ਅਰਬ ਦੀ ਕਣਕ – ਖੰਡ ਬਾਹਰੋਂ ਮੰਗਵਾਈ ਗਈ ਹੈ। ਸਰਕਾਰ ਕਿੰਨੀ ਕੁ 'ਪਾਇਦਾਰ' ਹੈ ਜਾਂ ਪਲੈਨਿੰਗ ਕਮਿਸ਼ਨ ਦਾ ਕਿਸ ਹੱਦ ਤੱਕ ਦੀਵਾਲਾ ਨਿਕਲ ਚੁਕਾ ਹੈ – ਉਸ ਦਾ ਅੰਦਾਜ਼ਾ ਤੁਸੀਂ ਇਸ ਲੇਖ ਵਿਚੋਂ ਖੁਦ ਲਗਾ ਸਕਦੇ ਹੋ – "ਕਣਕ, ਖੰਡ-ਘਿਉ ਆਦਿ ਦੀ ਦਰਾਮਦ" – ਬਦੇਸ਼ੀ ਵਪਾਰ ਵਿਚ ਪੈਣ ਵਾਲੇ ਘਾਟੇ ਦੇ ਬਾਕੀ ਕਾਰਨਾਂ ਉਪਰ ਅਗਲੇ ਅੰਕ ਵਿਚ ਵਿਆਖਿਆ ਕੀਤੀ ਜਾਏਗੀ।!!

* ਕਣਕ-ਖੰਡ-ਘਿਉ ਦੀ ਬੇਲੋੜੀ ਦਰਾਮਦ *

ਸਾਡੇ ਦੇਸ਼ ਵਿਚ ਅਨਾਜ ਦੀ ਬਿਲਕੁਲ ਕੋਈ ਕਮੀ ਨਹੀਂ ਹੈ ਜੋ ਹੇਠਲੇ ਸਰਕਾਰੀ ਅੰਕੜਿਆਂ ਤੋਂ ਵੀ ਸਪਸ਼ਟ ਹੋ ਜਾਂਦਾ ਹੈ –

| ਸਾਲ | ਘਰੇਲੂ ਪੈਦਾਵਾਰ | ਆਬਾਦੀ | ਪੈਦਾਵਾਰ ਪ੍ਰਤੀ ਜੀ |
|---|---|---|---|
| 1951 | 55 ਕਰੋੜ ਕੁਇੰਟਲ | 36 ਕਰੋੜ | 15 ਕਿਲੋ |
| 1961 | 82 ਕਰੋੜ ਕੁਇੰਟਲ | 44 ਕਰੋੜ | 185 ਕਿਲੋ |
| 1-71 | 108 ਕਰੋੜ ਕੁਇੰਟਲ | ਕਰੋੜ | 196 ਕਿਲੋ |

ਨੋਟ – 1951-71 ਦੇ 20 ਸਾਲਾਂ ਦੌਰਾਨ ਅਬਾਦੀ ਡਿਉੜੀ ਹੋਈ ਸੀ ਮਗਰ ਪੈਦਾਵਾਰ ਵਿਚ ਦੁਗਣਾ ਵਾਧਾ ਹੋਇਆ ਸੀ।

ਪਿਛਲੇ ਪੰਜਾਂ ਸਾਲਾਂ ਦੌਰਾਨ ਪੈਦਾਵਾਰ ਇਸ ਪ੍ਰਕਾਰ ਸੀ –

| ਸਾਲ | ਘਰੇਲੂ ਪੈਦਾਵਾਰ | ਆਬਾਦੀ | ਪੈਦਾਵਾਰ ਪ੍ਰਤੀ ਜੀ |
|---|---|---|---|
| 1976 | 121 ਕਰੋੜ ਕੁਇੰਟਲ | 61 ਕਰੋੜ | 198 ਕਿਲੋ |
| 1977 | 116 ਕਰੋੜ ਕੁਇੰਟਲ | 62½ ਕਰੋੜ | 186 ਕਿਲੋ |
| 1978 | 126 ਕਰੋੜ ਕੁਇੰਟਲ | 64 ਕਰੋੜ | 197 ਕਿਲੋ |
| 1979 | 131 ਕਰੋੜ ਕੁਇੰਟਲ | 65½ ਕਰੋੜ | :00 ਕਿਲੋ |
| 1980 | 126 ਕਰੋੜ ਕੁਇੰਟਲ | 67 ਕਰੋੜ | 188 ਕਿਲੋ |
| ਔਸਤਨ ਪੈਦਾਵਾਰ | 123 ਕਰੋੜ ਕੁਇੰਟਲ | 64 ਕਰੋੜ | 194 ਕਿਲੋ |
| 1981 | 130 ਕਰੋੜ ਕੁਇੰਟਲ | 68 ਕਰੋੜ | 192 ਕਿਲੋ |

ਉਪਰਲਿਆਂ ਅੰਕੜਿਆਂ ਤੋਂ ਹੇਠ ਲਿਖੇ ਸਿੱਟੇ ਨਿਕਲਦੇ ਹਨ –

1. 1951-81 ਦੇ ਤੀਹਾਂ ਸਾਲਾਂ ਦੁਰਾਨ ਅਨਾਜ ਦੀ ਪੈਦਾਵਾਰ ਵਿਚ ਲਗਾਤਾਰ ਵਾਧਾ ਹੁੰਦਾ ਆ ਰਿਹਾ ਹੈ। ਕਿਸਾਨੀ ਵਲੋਂ ਕੋਈ ਕਸਰ ਬਾਕੀ ਨਹੀਂ ਹੈ ਛਡੀ ਜਾ ਰਹੀ (ਤੇ ਸ਼ਾਇਦ ਇਸੇ ਦੀ ਖੁਸ਼ੀ ਵਿਚ ਕਿਸਾਨੀ ਉਪਰ ਸਿਧੇ ਟੈਕਸ ਲਗਾਉਣ ਬਾਬਤ ਜ਼ੋਰ-ਸ਼ੋਰ ਨਾਲ ਪਰਚਾਰ ਚਲ ਰਿਹਾ ਹੈ – ਪ੍ਰੈਜ਼ੀਡੈਂਟ ਸੰਜੀਵਾਰੈਡੀ ਦਾ 81-82 ਦਾ ਬਿਆਨ ਵੀ ਸਪਸ਼ਟ ਸੰਕੇਤ ਦੇ ਗਿਆ ਹੈ...

2. ਅਗੇ ਨਾਲੋਂ ਸਵਾਈ ਉਪਜ ਪ੍ਰਤੀ ਜੀ ਪੈਦਾ ਹੋ ਰਹੀ। ਸੋ ਥੁੜੋਂ, ਮਹਿੰਗਾਈ ਦਾ ਕਾਰਣ ਵਧ ਰਹੀ ਅਬਾਦੀ ਦਸਣਾ, ਬਿਲਕੁਲ ਬੇਬੁਨਿਆਦ ਹੈ...

3. ਪਿਛਲੇ ਪੰਜਾਂ ਸਾਲਾਂ ਦੇ ਅੰਕੜਿਆਂ ਨੂੰ ਗਹੁ ਨਾਲ ਘੋਖਦਿਆਂ ਹੋਇਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਬਾਹਰੋਂ ਅਨਾਜ ਮੰਗਵਾਉਣ ਦੀ ਬਿਲਕੁਲ ਹੀ ਕੋਈ ਲੋੜ ਨਹੀਂ ਸੀ...???

ਇਕ ਚੀਜ਼ ਹੋਰ ਵੀ ਸਾਹਮਣੇ ਆਉਂਦੀ ਹੈ – – 1951-61 ਦੇ ਸਮੇਂ ਦੌਰਾਨ ਦੇਸ਼ ਵਿਚ ਥੋੜੀ ਬਹੁਤੀ ਤਰੱਕੀ ਜ਼ਰੂਰ ਹੋਈ ਸੀ ਜਿਸ ਕਾਰਨ ਅਨਾਜ ਦੀ ਖਪਤ ਵਿਚ ਵਾਧਾ ਹੋਇਆ (150 ਤੋਂ 185 ਕਿਲੋ ਪ੍ਰਤੀ ਜੀ) ਮਗਰ 1961 ਤੋਂ ਮਗਰੋਂ ਤਰਕੀ ਤਾਂ ਕੀ ਹੋਣੀ ਸੀ ਸਗੋਂ ਲੋਕਾਂ ਦਾ ਜੀਵਨ ਪੱਧਰ ਹੇਠਾਂ ਹੀ ਜਾ ਰਿਹਾ ਹੈ। 1970 ਤੋਂ ਮਗਰੋਂ ਤਾਂ ਜਮ੍ਹਾਂ ਹੀ ਖੜੋਤ ਆ ਚੁਕੀ ਹੈ। ਅਗਰ ਲੋਕਾਂ ਦਾ ਜੀਵਨ ਪੱਧਰ ਉਚਾ ਹੁੰਦਾ – ਵਧੇਰੇ ਰੁਜ਼ਗਾਰ ਸਾਧਨ ਪੈਦਾ ਹੁੰਦੇ ਤਾਂ ਜ਼ਰੂਰ ਬਰ ਜ਼ਰੂਰ ਅਨਾਜ ਦੀ ਪ੍ਰਤੀ ਜੀ ਖਪਤ ਵਿਚ ਵਾਧਾ ਹੁੰਦਾ ਮਗਰ ਇਹ ਅੰਕ 200 ਕਿਲੋ ਪ੍ਰਤੀ ਜੀ ਸਲਾਨਾ ਦੇ ਕਰੀਬ ਹੀ ਘੁੰਮੀ ਜਾ ਰਿਹਾ ਹੈ!!!

ਇਥੋਂ ਇਹ ਵੀ ਯਾਦ ਕਰਵਾ ਦਿਤਾ ਜਾਏ ਇਕ ਰੂਸੀ ਇਕ ਭਾਰਤੀ ਨਾਲੋਂ ਪੰਜ ਗੁਣਾਂ ਵਧ ਅਨਾਜ ਖਾਂਦਾ ਹੈ। ਰੂਸ ਵਿਚ ਇਹ ਅੰਕ 1000 ਹੈ !!! ਉਲਿੰਪਿੰਕਸ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਤਗਮੇ ਐਵੇਂ ਤਾਂ ਨਹੀਂ ਲੈ ਜਾਂਦੇ ?

ਬਾਹਰੋਂ ਕਿੰਨਾ ਕੁ ਅਨਾਜ ਮੰਗਵਾਇਆ ਗਿਆ –

| ਸਾਲ | ਘਰੇਲੂ ਪੈਦਾਵਾਰ ਪ੍ਰਤੀ ਜੀ | ਬਾਹਰੋਂ ਅਨਾਜ ਮੰਗਵਾਇਆ ਪ੍ਰਤੀ ਜੀ | ਜੋੜ | ਘਰੇਲੂ ਪੈਦਾਵਾਰ ਦਾ ਪ੍ਰਤੀਸ਼ਤ |
|---|---|---|---|---|
| 1976 | | 12 ਕਿਲੋ | 210 ਕਿਲੋ | 6 |
| 1977 | 186 ਕਿਲੋ | 11 ਕਿਲੋ | 197 ਕਿਲੋ | 6 |
| 1978 | 197 ਕਿਲੋ | 0 ਕਿਲੋ | 197 ਕਿਲੋ | 0 |
| 1979 | 200 ਕਿਲੋ | 0 ਕਿਲੋ | 20੦ ਕਿਲੋ | 0 |
| 1980 | 190 ਕਿਲੋ | 5 ਕਿਲੋ | 195 ਕਿਲੋ | 3 |
| ਔਸਤਨ ਪੈਦਾਵਾਰ | 194 ਕਿਲੋ | 5½ ਕਿਲੋ | 199½ ਕਿਲੋ | 3 |
| 1981 | 192 ਕਿਲੋ | 4 ਕਿਲੋ | 196 ਕਿਲੋ | 2 |

ਉਪਰਲੀ ਸਾਰਨੀ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪਿਛਲੇ ਪੰਜਾਂ ਸਾਲਾਂ ਦੌਰਾਨ ਨਾਂ-ਮਾਤਰ ਅਨਾਜ ਹੀ ਬਾਹਰੋਂ ਮੰਗਵਾਇਆ ਗਿਆ ਹੈ। ਹੁਣ ਦੋ ਸਵਾਲ ਪੈਦਾ ਹੁੰਦੇ ਹਨ...?

ਪਹਿਲਾ ਸਵਾਲ – ਇਹ ਤਾਂ ਸਭ ਮੰਨਦੇ ਹਨ ਕਿ 35 ਕਰੋੜ ਭਾਰਤ ਵਾਸੀ ਕੰਗਾਲ ਹਨ ਜਿਹੜੇ ਰੋਟੀ-ਪਾਣੀ, ਲੀੜੇ-ਲੱਤੇ, ਰਹਿਣੀ-ਸਹਿਣੀ ਉਪਰ ਦੋ ਰੁਪਏ ਰੋਜ਼ਾਨਾ ਪ੍ਰਤੀ ਜੀ ਵੀ ਨਹੀਂ ਹਨ ਖਰਚ ਸਕਦੇ ! ਹੁਣ ਉਪਰਲਿਆਂ ਅੰਕੜਿਆਂ ਤੋਂ ਵੀ ਇਹੋ ਸਪਸ਼ਟ ਹੋ ਜਾਂਦਾ ਹੈ ਕਿ ਬਦੇਸ਼ੀ ਵਪਾਰ ਵਿਚ ਘਾਟੇ ਤੇ ਘਾਟੇ ਪੈਣ ਦਾ ਕਾਰਨ ਜਨ-ਸਧਾਰਣ ਦੀ ਮੁਖ ਲੋੜ ਕਣਕ-ਚੌਲ ਆਦਿ ਦੀ ਦਰਾਮਦ ਨਹੀਂ ਹੈ। ਇਹ 35 ਕਰੋੜ ਲੋਕੀਂ ਆਪਣੀ ਰੋਜ਼ਾਨਾ ਆਮਦਨ ਦਾ 90 ਫੀ ਸਦੀ ਤਾਂ ਰੋਟੀ-ਦਾਲ ਉਪਰ ਹੀ ਖਰਚ ਕਰਦੇ ਹਨ ਜਿਹੜਾ ਮੁਲਕ ਵਿਚ ਵੀ ਪੂਰੀ ਮਾਤਰਾ ਵਿਚ ਪੈਦਾ ਹੋ ਰਿਹਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਫਿਰ ਬਦੇਸ਼ੀ ਵਪਾਰ ਵਿਚ ਘਾਟੇ ਤੇ ਘਾਟਾ ਕਿਉਂ ਪਈ ਜਾ ਰਿਹਾ ਹੈ......??? ਇਹ ਸਵਾਲ ਫਿਲਹਾਲ ਪਾਠਕ ਖੁਦ ਹੀ ਲਭਣ ਅਤੇ ਮੁੜ ਹਥਲੇ ਲੇਖ ਵਲ ਜਾਂਦਿਆਂ ਹੋਇਆਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਅਨਾਜ ਅਗੇ ਨਾਲੋਂ ਸਵਾਇਆ ਹੋ ਰਿਹਾ ਹੈ, ਕਣਕ ਦੀ ਪੈਦਾਵਾਰ ਵਿਚ (1981) ਪਿਛਲੇ ਸਾਰੇ ਪਿਛਲੇ ਸਾਰੇ ਰਿਕਾਰਡ ਟੁਟ ਗਏ ਹਨ – ਫਿਰ ਬਾਹਰੋਂ ਅਨਾਜ ਕਿਉਂ ਮੰਗਵਾਇਆ ਜਾ ਰਿਹਾ ਹੈ...?

ਰਾਉ ਬਰਿੰਦਰਾ ਸਿੰਘ ਵਲੋਂ ਬਾਹਰੋਂ ਅਨਾਜ ਮੰਗਵਾਉਣ ਦੇ ਕਾਰਨ ਦੋ ਦੱਸੇ ਗਏ ਹਨ –

(1) ਦੇਸ਼ ਵਿਚ ਅਨਾਜ ਦੀ ਕਮੀ।

(2) ਜਿਹੜਾ ਅਨਾਜ ਵਪਾਰੀਆਂ ਆਦਿ ਦੇ ਦਬਿਆ ਹੋਇਆ ਹੈ ਬਾਹਰੋਂ ਕਣਕ-ਖੰਡ ਆਉਂਦੀ ਵੇਖ ਕੇ ਉਹ ਤੁਰੰਤ ਬਾਹਰ ਕਢ ਦੇਣਗੇ, ਇਸ ਤਰ੍ਹਾਂ ਵਧੀਆਂ

ਕੀਮਤਾਂ ਆਟੋਮੈਟੀਕਲ ਡਾਊਨ ਹੋ ਜਾਣਗੀਆਂ।

ਉਪਰੋਕਤ ਦੋ ਕਾਰਨਾਂ ਨੂੰ ਗੌਰ ਨਾਲ ਵੇਖਣ ਨਾਲ ਪਤਾ ਲਗਦਾ ਹੈ ਕਿ ਪਹਿਲਾ ਨੁਕਤਾ ਬਿਲਕੁਲ ਬੇ-ਬੁਨਿਆਦ ਹੈ ਤੇ ਦੂਜਾ ਅਤਿਅੰਤ ਹਾਸੋਹੀਣਾ ! ਸਚ ਪੁਛੋ ਤਾਂ ਰਿਕਾਰਡ ਪ੍ਰੋਡਕਸ਼ਨ ਦੇ ਬਾਵਜੂਦ, 'ਹਰੇ ਇਨਕਲਾਬ' ਦੇ ਬਾਵਜੂਦ ਜਦੋਂ ਦਾ ਸਰਕਾਰ ਨੂੰ ਬਾਹਰੋਂ ਅਨਾਜ ਮੰਗਵਾਉਂਦਿਆਂ ਵੇਖਿਆ ਹੈ – ਮੁਹੰਮਦ ਤੁਗਲਕ ਦੀ ਮਜ਼ਾਰ ਤੇ ਜਾ ਕੇ, ਦੁਹੱਥੜੀਂ ਪਿੱਟਣ ਨੂੰ ਦਿਲ ਕਰਦਾ ਹੈ ਸਰਕਾਰ ਦੀ 'ਪਾਇਦਾਰੀ' ਦੀ ਤਸਵੀਰ ਵੇਖਣੀ ਹੈ ਤਾਂ ਹੇਠਲੇ ਅੰਕੜੇ ਵੇਖੋ –

| ਸਾਲ | ਉਪਜ | ਸਰਕਾਰੀ ਖਰੀਦ | ਪ੍ਰਤੀਸ਼ਤ ਖਰੀਦ | ਲੋਕਾਂ ਕੋਲ ਬੱਚੇ ਭੰਡਾਰ |
|---|---|---|---|---|
| 1976 | 29 ਕਰੋੜ ਕੁਵਿੰਟਲ | 6½ ਕਰੋੜ ਕੁਵਿੰਟਲ | 23% | 2½ ਕਰੋੜ ਕੁਵਿੰਟਲ |
| 1977 | 29 ਕਰੋੜ ਕੁਵਿੰਟਲ | 5¼ ਕਰੋੜ ਕੁਵਿੰਟਲ | 18% | 23¾ ਕਰੋੜ ਕੁਵਿੰਟਲ |
| 1978 | 32 ਕਰੋੜ ਕੁਵਿੰਟਲ | 5½ ਕਰੋੜ ਕੁਵਿੰਟਲ | 17½% | 26½ ਕਰੋੜ ਕੁਵਿੰਟਲ |
| 1979 | 35½ ਕਰੋੜ ਕੁਵਿੰਟਲ | 8 ਕਰੋੜ ਕੁਵਿੰਟਲ | 22½% | 27 ਕਰੋੜ ਕੁਵਿੰਟਲ |
| 1980 | 31½ ਕਰੋੜ ਕੁਵਿੰਟਲ | 6 ਕਰੋੜ ਕੁਵਿੰਟਲ | 18¾% | 25½ ਕਰੋੜ ਕੁਵਿੰਟਲ |
| 1981 | 36½ ਕਰੋੜ ਕੁਵਿੰਟਲ | 6½ ਕਰੋੜ ਕੁਵਿੰਟਲ | 18% | 30 ਕਰੋੜ ਕੁਵਿੰਟਲ |

1. ਉਪਰਲੇ ਟੇਬਲ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਹਿਸਟਰੀ ਵਿਚ ਸਭ ਤੋਂ ਵਧ ਕਣਕ ਪਿਛਲੇ ਸੀਜ਼ਨ ਵਿਚ ਪੈਦਾ ਹੋਈ ਹੈ (ਅਤੇ ਇਸ ਸੀਜ਼ਨ ਵਿਚ ਉਸ ਤੋਂ ਵੀ ਵਧ ਪੈਦਾ ਹੋਣ ਦੇ ਅਨੁਮਾਨ ਹਨ) ਸੋ ਪੈਦਾਵਾਰ ਵਿਚ ਕੋਈ ਕਮੀ ਨਹੀਂ ਰਹੀ – ਜੇ ਕੋਈ ਕਮੀ ਹੈ ਤਾਂ ਉਹ ਸਰਕਾਰ ਦੀ 'ਪਾਇਆਦਾਰੀ' ਵਿਚ ਹੀ ਰਹੀ ਹੈ।

2. ਉਪਰਲੇ ਅੰਕੜਿਆਂ ਤੋਂ ਇਹ ਪਤਾ ਲਗਦਾ ਹੈ ਕਿ ਸਰਕਾਰ ਕੁਲ ਉਪਜ ਦਾ 25% ਆਸਾਨੀ ਨਾਲ ਖਰੀਦਣ ਦੀ ਸਮਰਥਾ ਰਖਦੀ ਹੈ (ਵੇਖੋ 1976 ਅਤੇ 1979 ਦੁਰਾਨ ਹੋਈ ਖਰੀਦ)।

3. ਪਿਛਲੇਰੇ ਸਾਲ 1980 ਦੇ ਮੁਕਾਬਲੇ, ਪਿਛਲੇ ਸਾਲ (1981) ਦੁਰਾਨ 5 ਕਰੋੜ ਕਵਿੰਟਲ ਕਣਕ ਫਾਲਤੂ ਹੋਈ ਹੈ। ਇਥੇ ਇਹ ਯਾਦ ਰਖਿਆ ਜਾਏ ਕਿ ਸਰਕਾਰ ਨੇ ਢਾਈ ਕਰੋੜ ਕੁਵਿੰਟਲ ਦੇ ਕਰੀਬ ਅਮਰੀਕਾ ਅਤੇ ਅਸਟਰੇਲੀਆ ਤੋਂ ਕਣਕ ਮੰਗਵਾਈ ਹੈ।

4. ਸਰਕਾਰ ਚਾਹੁੰਦੀ ਤਾਂ 9½ ਕਰੋੜ ਕਵਿੰਟਲ ਕਣਕ ਖਰੀਦਣ ਵਾਲਾ ਟੀਚਾ ਆਸਾਨੀ ਨਾਲ ਪੂਰਾ ਕਰ ਸਕਦੀ ਸੀ ਮਗਰ ਨਹੀਂ ਰੀਸਾਂ ਸਾਡੀ ਸਰਕਾਰ ਦੀਆਂ ਜਿਸ 6½ ਕਰੋੜ ਕਵਿੰਟਲ ਹੀ ਮਰ ਕੇ ਖਰੀਦੀ ਹੈ।

* ਇਹ ਕਣਕ ਗਈ ਕਿਥੇ ? *

ਗੈਰ ਜ਼ਿਮੀਂਦਾਰ ਤੇ ਹੋਰ ਸ਼ਹਿਰੀ ਤਬਕੇ ਨੂੰ ਕਿਸਾਨੀ ਦੇ ਵਿਰੁਧ ਖੜਾ ਕਰਨ ਲਈ ਤਾਂ ਬੇਸ਼ਕ ਇਹੋ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਕਣਕ ਜੱਟਾਂ ਨੇ ਲਕੋ ਲਈ ਹੈ ਪਰ ਅਗਰ ਧਿਆਨ ਨਾਲ ਉਪਰਲੇ ਟੇਬਲ ਦੀ ਆਖਰੀ ਕਾਲਮ ਤੇ ਨਜ਼ਰ ਮਾਰੀ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਨ-ਸਾਧਾਰਣ ਤਾਂ ਫਾਲਤੂ ਕਣਕ ਲੁਕਾ ਹੀ ਨਹੀਂ ਸੀ ਸਕਦੇ। ਜਨ-ਸਾਧਾਰਣ ਕੋਲ ਵਧ ਤੋਂ ਵਧ ਕਣਕ ਰਖਣ ਦੀ ਕਪੈਸਟੀ (ਸਮਰਥਾ) 27 ਕਰੋੜ ਕਵਿੰਟਲ ਬਣਦੀ ਹੈ ਜਦੋਂ ਕਿ ਸਰਕਾਰੀ ਖਰੀਦ ਮਗਰੋਂ 3 ਕਰੋੜ ਕਵਿੰਟਲ ਕਣਕ ਬਚਦੀ ਹੈ। ਇਹ ਤਿੰਨ ਕਰੋੜ ਕਵਿੰਟਲ (30000000 ਬੋਰੀਆਂ ਕਣਕ) ਨੂੰ ਛੁਪਾਉਣ ਖ਼ਾਤਰ ਹੀ ਹਰ ਤਿਜੇ (ਕਣਕ ਬੀਜਣ ਵਾਲੇ) ਜੱਟ ਨੂੰ ਇਕ ਨਵਾਂ ਕੋਠਾ ਪਾਉਣਾ ਪਵੇਗਾ। ਕੀ ਤੁਹਾਡੇ ਪਿੰਡ ਪਿਛਲੇ ਸਾਲ 40–50 ਜੱਟਾਂ ਨਵੇਂ ਘਰ ਪਾਏ ਹਨ ? ਜੇ ਨਹੀਂ ਪਾਏ ਤਾਂ ਇਹ ਕਣਕ ਲਕੋਈ ਹੀ ਨਹੀਂ ਜਾ ਸਕਦੀ। ਜੇ ਇਕ ਇਕ ਕੋਠੇ ਵਿਚ ਵੀਹ 2 ਬੋਰੀਆਂ ਰਖੀਆਂ ਜਾਣ ਤਾਂ 15 ਲੱਖ ਕੋਠਿਆਂ ਦੀ ਲੋੜ ਪਵੇਗੀ – ਐਨੀ ਕਣਕ ਨੂੰ ਛੁਪਾਉਣ ਖਾਤਰ।– – ਅਗਰ ਬੋਰੀਆਂ ਦੀ ਧਾਂਕ ਲਾਈ ਜਾਏ ਤਾਂ ਹਿਮਾਲੀਆਂ ਪਰਬਤ ਨਾਲੋਂ ਵੀ ਉਚੀ ਇਕ ਅਜਿਹੀ ਗਰਾਉਂਡ ਬਣ ਜਾਵੇਗੀ ਜਿਸ ਵਿਚ ਚਾਰ 2 ਟੀਮਾਂ, ਇਕੋ ਸਮੇਂ ਕਬੱਡੀ ਖੇਡ ਸਕਣਗੀਆਂ – ਐਨੀ ਸਾਰੀ ਕਣਕ, ਆਖਿਰ ਲਕੋ ਕੌਣ ਗਿਆ.......... ? ਇਹ ਕਣਕ ਲਕੋਈ ਹੈ (1) ਸ਼ਾਹੂਕਾਰਾਂ, (2) ਜੰਗੀਰਦਾਰਾਂ।

ਅਧੇ ਨਾਲੋਂ ਬਹੁਤੀ ਕਣਕ ਪਹਿਲੀ ਧਿਰ ਨੇ ਹੀ ਲਕੋਈ ਹੈ, ਉਸ ਤੋਂ ਦੂਜੇ ਨੰਬਰ ਤੇ ਇਹ ਕਣਕ ਜਗੀਰ-ਦਾਰਾਂ ਦੇ ਫਾਰਮਾਂ ਉਤੇ ਪਈ ਹੈ ਪਰ ਹੱਥ ਕਿਹੜਾ ਪਾਵੇ ? ਅਗਰ ਸਾਧਾਰਣ ਕਿਸਾਨਾਂ ਕੋਲ ਹੁੰਦੀ ਤਾਂ ਪਟਵਾਰੀ ਤੇ ਪੁਲਿਸ ਦੀ ਮਦਦਨਾਲ ਦੂਜੇ ਦਿਨ ਹੀ ਕਢਵਾ ਨਾ ਲੈਂਦੇ ਜਿਵੇਂ ਚਾਰ ਪੰਜ ਸਾਲ ਪਹਿਲਾਂ ਹਰਿਆਣੇ ਵਿਚ ਹੋਇਆ ਸੀ ?...........ਹਾਂ ਮਾਮੂਲੀ ਮਾਤਰਾ ਵਿਚ (10–15) ਮੋਟੇ 2 ਰੱਜੇ-ਪੁਜੇ ਜੱਟਾਂ ਦੇ ਘਰੀਂ ਵੀ ਜ਼ਰੂਰ ਪਈ ਹੋਵੇਗੀ ਜਿਸ ਲਈ ਵੀ ਦੋਸ਼ੀ ਸਰਕਾਰ ਦੀਆਂ ਕਿਸਾਨ-ਮਾਰੂ ਨੀਤੀਆਂ ਹਨ – ਮੋਟੇ 2 ਕਿਸਾਨ ਨਹੀਂ ? ਸ਼ਾਹੂਕਾਰਾਂ ਦੀ ਕੈਪਸਿਟੀ ਤੇ ਸ਼ਾਇਦ ਤੁਹਾਨੂੰ ਯਕੀਨ ਨਾ ਆਇਆ ਹੋਵੇ, ਕਿ ਜੋ ਲੱਖਾਂ ਜੱਟ ਕਣਕ ਨਹੀਂ ਹਨ ਛੁਪਾ ਸਕਦੇ ਤਾਂ ਫਿਰ ਦੋ-ਚਾਰ ਸੌ

ਸ਼ਾਹੂਕਾਰ ਕਿਵੇਂ ਛੁਪਾ ਸਕਦੇ ਹਨ ?

ਉਨ੍ਹਾਂ ਦੀ ਗੱਲ ਛੱਡੋ, ਉਹ ਅੱਧੀ ਤਾਂ ਕੀ ਪੂਰ ਦੀ ਪੂਰੀ ਕਣਕ ਵੀ ਛੁਪਾ ਸਕਦੇ ਹਨ। ਸਰਮਾਏਦਾਰੀ ਦੇਸ਼ਾਂ ਵਿਚ ਤਾਂ ਇਹਨਾਂ ਦਾ ਕੋਈ ਅੰਤ ਨਹੀਂ ਹੈ ਪਾ ਸਕਿਆ। ਦੂਜੇ ਨੂੰ ਤਾਂ ਕੀ, ਇਹਨਾਂ ਨੂੰ ਖੁਦ ਆਪਣੀ ਸਰਮਾਇਆ (ਜਾਇਦਾਦ) ਬਾਬਤ ਪੂਰਾ ਗਿਆਨ ਨਹੀਂ ਹੈ ਹੁੰਦਾ !! ਫਿਲਹਾਲ ਏਨਾ ਹੀ ਯਾਦ ਕਰ ਲਉ ਕਿ ਇਹ ਉਹੋ ਜਮਾਤ ਹੀ ਹੈ ਜਿਨ੍ਹਾਂ ਧੇਲੀਆਂ ਨਾਲ ਹਵੇਲੀਆਂ ਖੜੀਆਂ ਕਰ ਲਈਆਂ ਸਨ !!! ਕਣਕ, ਖੰਡ, ਚੌਲ ਤਾਂ ਕੀ – ਅਗਰ ਇਹਨਾਂ ਨੂੰ ਕੋਈ ਦੂਜਾ ਦੇਸ਼ ਖੜੇ ਹੋਣ ਲਈ ਥੋੜੀ ਜਿਹੀ ਥਾਂ ਦੇ ਦੇਵੇ ਤਾਂ ਇਹ ਪੂਰੇ ਹਿੰਦੁਸਤਾਨ ਨੂੰ ਰਾਤੋ ਰਾਤ ਹੀ ਨਿਗਲ ਜਾਣ !!!

### * ਖੰਡ ਦੀ ਬਰਾਮਦ *

ਜੋ ਬਹਾਨੇ ਕਣਕ ਦੀ ਬਰਾਮਦ ਸਮੇਂ ਲਾਏ ਗਏ, ਬਿਲਕੁਲ ਉਹੀ ਬੇਹੂਦਾ ਦਲੀਲਾਂ ਖੰਡ ਦੀ ਇਮਪੋਰਟ ਖਾਤਰ ਦਿਤੀਆਂ ਗਈਆਂ, ਅਖੇ ਕੀਮਤਾਂ ਡਾਊਨ ਹੋ ਜਾਣਗੀਆਂ – ਓਏ ਤੁਹਾਨੂੰ ਪਵੇ ਰੱਬ ਦੀ ਮਾਰ – ਓਏ ਜਿਹੜੇ ਜ਼ਖੀਰੇਬਾਜ਼ 20-25 ਲੱਖ ਟਨ ਖੰਡ ਹਫਤੇ ਅੰਦਰ ਹੀ ਪਤਾਲ ਪੁਰੀ ਪਚਾ ਸਕਦੇ ਹਨ ਉਹ 2-2½ ਲੱਖ ਟਨ ਹੋਰ ਨਾ ਪਚਾ ਸਕਣਗੇ। ਪਿਛਲੇਰੇ ਸਾਲ ਵੀ ਤਾਂ ਤੁਸੀਂ ਦੱਸਾਂ ਦਿਨਾਂ ਦੇ ਖਾਣੇ ਜੋਗੀ (ਡੂਢ ਲੱਖ ਟਨ) ਖੰਡ ਬਾਹਰੋਂ ਮੰਗਵਾਈ ਹੀ ਸੀ ਨਾ, ਓਦੋਂ ਕਿਉਂ ਨਹੀਂ ਸੀ ਕੀਮਤਾਂ ਡਾਊਨ ਹੋ ਗਈਆਂ – – – 'ਦੋ' ਬਨਣ ਵਾਲੀ 'ਖੰਡ, ਸਿਫਾਰਸ਼ਾਂ ਨਾਲ 'ਬਾਹਰੀ' ਮਿਲਦੀ ਸੀ..........?

ਤੇ ਜੋ ਇਸ ਵਿਚ 14 ਦਿਨਾਂ ਦੇ ਵਰਤਣ ਯੋਗੀ ਖੰਡ ਬਾਹਰੋਂ ਮੰਗਵਾ ਲਉਗੇ ਤਾਂ ਵਪਾਰੀ ਸੱਤਾਂ ਤੋਂ ਸਾਢੇ ਤਿੰਨੀ ਆ ਜਾਣਗੇ.........? ਅਸਲ ਵਿਚ ਖੰਡ ਤਿੰਨ ਰੁਪਏ ਕਿਲੋ ਹੀ ਪੈਂਦੀ ਹੈ। ਨਾਲੇ ਬਾਹਰੋਂ ਤਾਂ ਮੰਗਵਾਉ ਜੇ ਘਰ ਵਿਚ ਥੁੜੋ ਹੋਵੇ। ਤੁਹਾਡੇ ਆਪਣੇ ਅੰਕੜੇ ਤਾਂ ਕੁਝ ਹੋਰ ਪਏ ਬੋਲਦੇ ਹਨ :–

| ਸਾਲ | ਕੁਲ ਉਪਜ | ਪਿਛਲੀ ਬਚਤ | ਕੁਲ ਜੋੜ | ਘਰੇਲੂ ਖਪਤ | ਬਾਹਰ ਭੇਜੀ ਗਈ | ਵਿਆਖਿਆ |
|---|---|---|---|---|---|---|
| 1975–76 | 43 | 12 | 55 | 37 | 10 ਲਖ ਟਨ | ਦਾ ਮਤਲਬ ਖੰਡ |
| 1976–77 | 49 | 8 | 57 | 38 | 3 ਲਖ ਟਨ | ਬਾਹਰੋਂ ਮੰਗਵਾਈ ਗਈ |
| 1977–78 | 65 | 16 | 71 | 45 | 3 ਲਖ ਟਨ | ਇਸੇ ਸਾਲ ਇਕ ਲਖ |
| 1978–79 | 59 | 33 | 92 | 62* | 9 ਲਖ ਟਨ | ਟਨ ਖੰਡ, ਪੁਰਾਣੇ ਸਮ- |
| 1979–80 | 40 | 21 | 61 | 54 | (–) 1 ਲਖ ਟਨ | ਝੌਤੇ ਤਹਿਤ ਬਾਹਰ ਵੀ |
| 1980–81 | 51 | 8 | 59 | 51 | (–) 1½ ਲਖ ਟਨ | ਭੇਜੀ ਗਈ ਸੀ। |
| 1981–82 | 70 | 8 | 78 | 55 | (–) 7 ਲਖ ਟਨ | |

ਨੋਟ – ਇਸ ਸਾਲ ਦੇਸ਼ ਵਿਚ 23-24 ਲਖ ਟਨ ਖੰਡ ਫਾਲਤੂ ਪੈਦਾ ਹੋ ਰਹੀ ਹੈ (ਛੇ ਮਹੀਨਿਆਂ ਜੋਗੀ) ਅਤੇ ਸਾਡੀ ਸਰਕਾਰ ਬਾਣੀਆਂ ਤੋਂ ਡਰਦੀ ਬਾਹਰੋਂ ਖੰਡ ਮੰਗਵਾ ਰਹੀ ਹੈ।

*ਅਸਲ ਵਿਚ ਖਪਤ 42–43 ਲਖ ਟਨ ਹੀ ਸੀ – 20 ਲਖ ਟਨ ਤਾਂ ਸ਼ਾਹੂਕਾਰ ਹੀ ਅੰਡਰ-ਗਰਾਊਂਡ ਕਰ ਗਏ ਸਨ।

ਨਾਲੇ ਮੋਦੀ-ਪੁਰੀ ਤੇ ਥਾਪਰ-ਡਾਲਮੀਏ ਤੇ ਹੋਰ ਸੇਠਾਂ ਨੇ ਗੱਜ ਵਜ-ਕੇ ਕਿਹਾ ਸੀ ਕਿ ਸਾਨੂੰ ਡੂਢ ਅਰਬ ਦਾ ਫਾਇਦਾ ਹੋਇਆ ਹੈ (ਖੰਡ ਦੀ ਬਲੈਕ ਵਿਚੋਂ), ਕਰ ਲਉ ਜੋ ਕਰਨਾ ਜੇ.........ਉਹਨਾਂ ਦੀ ਤੁਸਾਂ ਕਿਹੜੀ ਟੰਗ ਤੋੜ ਦਿਤੀ ਸੀ – ਜਿਹੜੇ ਉਸ ਵਕਤ ਅਰਬਾਂ ਦੇ ਨਫੇ ਕਢ ਰਹੇ ਸਨ ਜਦੋਂ ਕਿ ਸਾਡੇ ਜੁਆਕ ਡਾਡਾਂ ਮਾਰ ਮਾਰ ਚੀਕ ਰਹੇ ਸਨ (ਫਿੱਕੇ ਦੁੱਧ ਕਾਰਨ) .........ਨਾਲੇ 1,50,000,000 ਰੁਪਏ ਤਾਂ ਉਹ ਖੁਦ ਮੰਨਦੇ ਸਨ – ਕਮਾਏ ਕਿੰਨੇ ਹੋਣਗੇ – ਉਹ ਵਾਹਿਗੁਰੂ ਹੀ ਜਾਣੇ – ਉਂਜ ਐਨੇ ਕੁ ਨੋਟਾਂ ਨਾਲ ਹੀ ਬੋਦੀ ਵਾਲਾ ਬਾਹਮਣ ਪ੍ਰਿਥਵੀ ਦੇ ਦੁਆਲੇ (ਹੱਥ ਵਿਚ ਲੜੀ ਫੜੀ–ਇਕ ਇਕ ਦੇ ਨੋਟ ਵਾਲੀ) ਚਾਰ ਵੇਰਾਂ ਪ੍ਰਕਰਮਾਂ ਕਰ ਸਕਦਾ ਹੈ।

### * ਨੁਕਸਾਨ ਕਿੰਨਾ ਕੁ ਹੋਇਆ *

ਬਾਹਰੋਂ ਕਣਕ 200 ਰੁਪਏ ਅਠ ਆਨੇ ਫੀ ਕੁਵਿੰਟਲ ਪਈ ਹੈ ? ਸਾਨੂੰ ਸਰਕਾਰ ਕੋਲੋਂ ਪੁਛਣਾ ਚਾਹੀਦਾ ਹੈ ਕਿ ਉਹ ਆਪਣਿਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ ਕਰਦੀ ਹੈ ? ਕੀ ਬਾਹਰਲੀ ਕਣਕ ਵਿਚ ਵਿਟਾਮਿਨ ਬਹੁਤੇ ਹਨ ਜੋ ਉਹ ਡਿਉਢੇ ਭਾ ਖਰੀਦੀ ਗਈ ਹੈ -- ਉਂਜ ਸਾਥੋਂ ਅਮਰੀਕਨ ਲਾਲ ਕਣਕ ਵੀ ਭੁਲੀ ਹੋਈ ਨਹੀਂ, ਜਿਸ ਦੀ ਸੁਆਣੀ ਦੀ ਪੱਕੀ ਰੋਟੀ ਵੀ ਇੰਜ ਜਾਪਦੀ ਸੀ ਜਿਵੇਂ ਪਾਲੋ ਛੜੇ ਦਾ ਰੋਟ ਹੋਵੇ।

ਬਾਹਰੋਂ ਖੰਡ ਅਤੇ ਕਣਕ ਮੰਗਵਾਉਣ ਕਾਰਨ, ਬਦੇਸ਼ੀ ਵਪਾਰ ਵਿਚ ਛੇ ਸੱਤ ਅਰਬ ਦਾ ਪਾੜਾ ਹੋਰ ਵਧਿਆ ਜੋ ਸਰਾਸਰ ਸਰਕਾਰ ਦੀਆਂ ਗਲਤ ਨੀਤੀਆਂ ਅਤੇ ਦੁਰ-ਪ੍ਰਬੰਧ ਕਾਰਨ ਹੋਇਆ। ਇਹੋ ਖੰਡ, ਕਣਕ

ਅਗਰ ਆਪਣੇ ਦੇਸ਼ ਵਿਚੋਂ ਹੀ ਖਰੀਦੀ ਜਾਂਦੀ (ਜਾਂ ਸਾਹੂਕਾਰਾਂ ਅਤੇ ਜਗੀਰਦਾਰਾਂ ਕੋਲੋਂ ਕਢਵਾ ਲਈ ਜਾਂਦੀ) ਤਾਂ ਰੋਪੜ ਥਰਮਲ ਪਲਾਂਟ ਜੋਗਾ ਖਰਚਾ ਨਿਕਲ ਸਕਦਾ ਸੀ।

* ਬਦੇਸ਼ੀ ਕਣਕ – ਦੇਸੀ ਸਰਕਾਰ *

ਕਹਿਣ ਨੂੰ ਤਾਂ ਸਰਕਾਰ ਜੈ ਕਿਸਾਨ –'– – ਜੈ ਕਿਸਾਨ ਕਰਦੀ ਬੁਲ੍ਹ ਥਕਾ ਲੈਂਦੀ ਹੈ ਮਗਰ ਜਦੋਂ ਦੇਣ-ਲੈਣ ਦੀ ਵਾਰੀ ਆਉਂਦੀ ਹੈ – ਉਦੋਂ ਮਰੀਕਣ ਜੱਟ ਦੀ ਝੋਲੀ ਪਾ ਦਿੱਤੀ ਹੈ। ਜੇ ਬਦੇਸ਼ੀਆਂ ਨੂੰ 201 ਦਿਤੇ ਜਾ ਸਕਦੇ ਹਨ ਤਾਂ ਆਪਣਿਆਂ ਲਈ 150 ਕਿਉਂ ਚੁਭਦੇ ਸੀ? ਵੇਖ ਲਉ 'ਦੋ ਬੈਲਾਂ ਦੀ ਜੋੜੀ ਵਾਲਿਆਂ' ਦਾ ਕਮਾਲ? ਉਂਜ ਇੰਦਰਾ ਦਾ ਵੀ ਚੋਣ ਨਿਸ਼ਾਨ 'ਗਊ-ਵੱਛਾ' ਹੀ ਸੀ ਨਾ? ਮੈਂ-ਕਰੋੜੀ ਕਿਸਾਨ ਰੈਲੀ ਵਿਚ, ਜਿਸ ਵਿਚ ਸਾਡੇ 'ਸੈਲਫਮੇਡ' ਰਾਸ਼ਟਰ ਨੇਤਾ ਜੁੱਤੀਆਂ ਸਮੇਤ (ਉਡਣ-ਖਟੋਲਿਆਂ ਵਿਚ ਬੈਠ ਕੇ) ਸਾਡੇ ਸਿਰਾਂ ਉਪਰੋਂ ਦੀ ਲੰਘੇ ਸਨ – ਉਥੇ ਨਾਹਰੇ ਲਗ ਰਹੇ ਸਨ ਇੰਦਰਾ ਕੇ 'ਹਾਥ' – ਕਿਸਾਨ ਕੇ ਹਾਥ।

* ਬਾਹਰੋਂ ਕਿੰਨੀ ਕੁ ਖੰਡ-ਕਣਕ ਮੰਗਵਾਈ ਗਈ *

ਪਿਛਲੇ ਤਿੰਨਾਂ ਸਾਲਾਂ ਦੁਰਾਨ 1978-81, ਬਾਹਰੋਂ ਇਹ ਦੋਵੇਂ ਚੀਜ਼ਾਂ ਨਾ-ਮਾਤਰ (Negligible) ਹੀ ਮੰਗ-ਵਾਈਆਂ ਗਈਆਂ। ਅਸਲ ਵਿਚ ਤਾਂ ਇਮਪੋਰਟ ਦੇ ਬਹਾਨੇ "ਚੰਦੇਦਾਤਾਵਾਂ" ਨੂੰ ਇਸ਼ਾਰਾ ਹੀ ਕਰਨਾ ਹੁੰਦਾ ਹੈ ਕਿ ਅਸੀਂ (ਤੁਹਾਡੇ ਏਜੰਟਾਂ ਨੇ) ਖੰਡ-ਕਣਕ ਦੀ 'ਥੁੜ' ਦਾ ਹੋਕਾ ਦੇ ਦਿਤਾ ਹੈ, ਸੀਟੀ ਮਾਰ ਦਿਤੀ ਹੈ, ਹੁਣ ਤੁਸੀਂ ਵਿਸਲ ਦੀ ਰਮਜ਼ ਨਾ ਸਮਝੋ ਤਾਂ ਤੁਹਾਡੀ ਬਦ-ਕਿਸਮਤੀ ਹੋਵੇਗੀ। ਵੇਚ ਲਉ, ਵੇਚ ਲਉ, ਤਿੰਨਾਂ ਵਾਲੀ ਖੰਡ ਤੇਰ੍ਹੀਂ...... ! ਪੰਜਾਬੋਂ 135 ਦੇ ਭਾਅ ਖਰੀਦੀ ਕਣਕ ਦੇ ਮਹਾਂਰਾਸ਼ਟਰ – ਗੁਜਰਾਤ ਵਿਚ ਜਾ ਕੇ 351 ਵੱਟ ਲਉ। ਵੱਟ ਸਕੋ ਤਾਂ ਬੇਸ਼ੱਕ 531 ਵੱਟ ਲੈਣੇ ਸਾਨੂੰ ਕੋਈ ਇਤਰਾਜ਼ ਨਹੀਂ !!!

ਨੋਟ–ਇਥੇ ਇਹ ਯਾਦ ਰਖਿਆ ਜਾਏ, ਸ਼ੁਰੂ 2 ਵਿਚ ਜਦੋਂ ਪੰਜਾਬੀਆਂ ਨੂੰ ਕਣਕ ਦੇ 135 ਦੀ ਜਗ੍ਹਾ 155 ਦਿਤੇ ਜਾ ਰਹੇ ਸਨ (ਕਿਤੇ ਕਿਤੇ), ਮਹਾਂਰਾਸ਼ਟਰ-ਗੁਜਰਾਤ ਵਿਚ ਉਸੇ ਕਣਕ ਦੇ ਢਾਈ ਸੌ ਤੋਂ ਸਾਢੇ ਚਾਰ ਸੌ ਦੇ ਵਿਚਕਾਰ (ਲਗੀ-ਢਬੀ) ਵੱਟੇ ਜਾ ਰਹੇ ਸਨ !!

ਹੁਣ ਇਸ ਹਫਤੇ ਰਾਉਬਰਿੰਦਰਾ ਸਿੰਘ ਜੀ 6 ਲੱਖ ਟਨ ਖੰਡ ਬਾਹਰ ਭੇਜਣ ਦੀ ਗਲ ਪਏ ਕਰਦੇ ਹਨ – ਦੂਜੇ ਹਫਤੇ ਆਪੇ ਹੀ ਬਾਹਰੋਂ ਦੋ ਲੱਖ ਟਨ ਖੰਡ ਮੰਗ-ਵਾਉਣ ਦੀ ਗਲ ਕਰ ਦਿੰਦੇ ਹਨ – ਵਾਹਿਗੁਰੂ ਬਚਾਏ ਅਜਿਹੇ ਯੋਜਨਾਕਾਰਾਂ ਤੋਂ .........!

* ਅਜ ਖਾਣ ਵਾਲੇ ਤੇਲ ਦੇ ਬੀਜਾਂ ਦੀ ਭਾਰੀ ਦਰਾਮਦ ਕਰਨੀ ਪੈ ਰਹੀ ਹੈ ਪਰ ਕਿਉਂ.........? *

ਕਿਉਂਕਿ ਜ਼ਮੀਨ ਦੀ ਵੰਡ ਕੇਵਲ ਕਾਗਜ਼ਾਂ ਵਿਚ ਯੋਜਨਾ ਕਮਿਸ਼ਨ ਮੁਤਾਬਕ ਭਾਵੇਂ 213 ਲੱਖ ਏਕੜ ਤੋਂ ਵੀ ਵਧ ਧਰਤੀ 'ਸਰਪਲਸ' ਨਿਕਲਦੀ ਹੈ। ਮਗਰ ਸੂਬੇ ਦਿਆਂ ਮੰਤਰੀਆਂ – ਮੁਖਮੰਤਰੀਆਂ – ਅਫਸਰਾਂ ਅਤੇ ਜਗੀਰਦਾਰਾਂ ਨੇ ਹੀ ਬਹੁਤ ਦਬੀ ਹੋਈ ਹੈ। ਬਠਿੰਡੇ ਦੇ ਇਲਾਕੇ ਵਿਚ ਰਹਿਣ ਵਾਲੇ ਕਿਸੇ ਸਖਸ਼ ਨੂੰ ਨਹੀਂ ਹੈ ਪਤਾ ਕਿ ਬਾਦਲ, ਬਰਾੜ ਵਾ ਬਲਰਾਮ ਝੱਖੜ ਹੋਰਾਂ ਦੀ ਕਿੰਨੇ ਕਿੰਨੇ ਹਜ਼ਾਰ ਏਕੜ ਜ਼ਮੀਨ ਹੈ ਜਦੋਂ ਕਿ ਕਨੂੰਨ ਮੁਤਾਬਕ ਤੀਹ ਏਕੜਾਂ ਤੋਂ ਵਧ ਕੋਈ ਰਖ ਨਹੀਂ ਹੈ ਸਕਦਾ? ਪਰ ਉਥੇ ਕਾਨੂੰਨ ਕੀ ਕਰੂਗਾ ਜਿਥੇ ਕਾਨੂੰਨ ਦੇ ਰਾਖੇ ਹੀ ਕਾਨੂੰਨ ਦੀਆਂ ਧੱਜੀਆਂ ਪਏ ਉਡਾ ਰਹੇ ਹੋਣ !! ਜਾਣਦੇ ਹੋ ਹਿੰਦੁਸਤਾਨੀ-ਕਾਨੂੰਨ ਦਾ ਰਖਵਾਲਾ ਕੌਣ ਹੈ, ਨਹੀਂ, ਸ੍ਰੀ ਬਲਰਾਮ ਝੱਖੜ ਜੀ ਖੁਦ ਆਪ ਹੀ ਹਨ। ਕੋਈ ਹੋਰ

* ਜ਼ਮੀਨ ਦੀ ਅਲਾਟਮੈਂਟ – ਇਕ ਮਜ਼ਾਕ *

ਉਪਰਲੀ 213 ਲੱਖ ਏਕੜ ਧਰਤੀ ਵਿਚੋਂ ਕੇਵਲ 40 ਲੱਖ ਏਕੜ ਨ ਸਰਕਾਰ ਨੇ ਸਰਪਲਸ ਐਲਾਨਿਆਂ ਹੈ। ਉਂਜ ਉਸ ਵਿਚੋਂ ਵੀ ਅਧੀ ਕੁ ਹੀ 22 ਲੱਖ ਏਕੜ ਉਪਰ ਕਬਜ਼ਾ ਕੀਤਾ ਗਿਆ ਹੈ। ਤੇ ਕਬਜ਼ੇ ਹੇਠਲੀ ਧਰਤੀ ਵਿਚੋਂ ਵੀ ਕੁਲ 13 ਲੱਖ ਏਕੜ ਧਰਤੀ ਹੀ ਲੋਕਾਂ ਵਿਚ ਵੰਡੀ ਗਈ ਹੈ। ਜੇ ਇਸੇ ਸਪੀਡ ਨਾਲ ਵੰਡ ਹੁੰਦੀ ਰਹੀ ਤਾਂ ਬਾਕੀ 200 ਲੱਖ ਏਕੜ ਧਰਤੀ ਨੂੰ ਵੰਡਣ ਖਾਤਰ $\frac{35}{13}+200$, ਐਵੇਂ ਛੇ ਕੁ ਸੌ ਸਾਲ ਹੋਰ ਲਗਣਗੇ। ਖੈਰ ! ਕਦੇ ਨਾ ਕਦੇ – – – ਕਦੇ ਨਾ ਕਦੇ – – – ਕਦੇ ਨਾ ਕਦੇ – – – – ਸਾਡੇ ਪੋਤਰਿਆਂ ਦੇ ਪੋਤਰਿਆਂ ਦਿਆਂ ਪੋਤਰਿਆਂ – – – ਦਿਆਂ ਪੁੱਤਾਂ ਨੂੰ ਤਾਂ ਧਰਤੀ ਮਿਲੇਗੀ ਹੀ ਨਾ ??? ਨੋਟ–ਇਸ ਧਰਤੀ ਵਿਚੋਂ ਵੀ ਬਹੁਤੀ ਬੰਗਾਲ, ਕੇਰਲਾ ਅਤੇ ਜੰਮੂ ਕਸ਼ਮੀਰ ਵਿਚਪੀ ਦਿਤੀ ਗਈ ਹੈ – ਬਾਕੀਆਂ ਲਈ ਤਾਂ ਪੋਸਟਰ ਹੀ ਕੰਧਾਂ ਤੇ ਲਵਾ ਦਿਤੇ ਗਏ ਹਨ – "ਜੈ ਜਵਾਨ – ਜੈ ਕਿਸਾਨ" !!!

ਇਸੇ ਤਰ੍ਹਾਂ ਲੇਖਕ ਨੇ ਖੁਦ ਦਖਣ ਵਲ ਕਿਸਾਨਾਂ ਨੂੰ ਘੜੇ ਭਰ ਭਰ ਤਰੌਂਕਦਿਆਂ ਵੇਖਿਆ ਹੈ। ਸੁਹਾਗੇ ਦੀ ਜਗ੍ਹਾ ਉਹ ਛਾਪੇ ਨੂੰ ਇਕ ਸਿਰਿਓਂ ਫੜਕੇ ਪੈਲ ਪਾਈ ਜਾਂਦੇ ਹਨ। ਆਗਰਾ – ਗਵਾਲੀਅਰ ਟੱਪਣ ਤੋਂ ਮਗਰੋਂ ਕਿਤੇ ਕਿਤੇ ਹੀ ਹਰਿਆਲੀ ਵਖਾਈ ਦੇਵੇਗੀ – – ?

ਤੇ ਜਿਥੇ ਘੜਿਆਂ ਨਾਲ ਖੇਤਾਂ ਨੂੰ ਪਾਣੀ ਦਿਤਾ ਜਾਏ, ਉਥੋਂ ਕਿੰਨੀ ਕੁ ਪੈਦਾਵਾਰ ਦੀ ਆਸ ਕੀਤੀ ਜਾ ਸਕਦੀ ਹੈ? ਇਥੇ ਇਹ ਯਾਦ ਰਖਿਆ ਜਾਏ ਕਿ ਕੇਂਦਰੀ ਭੰਡਾਰ ਵਿਚ 80 ਫੀ ਸਦੀ ਅਨਾਜ ਪੰਜਾਬ ਤੇ ਹਰਿਆਣਾ ਹੀ ਦਿੰਦਾ ਹੈ ਬਾਕੀ ਇਲਾਕੇ ਵਿਚ ਅੰਨ ਦੀ ਬਹੁਤਾਤ ਵਲੋਂ 'ਰਾਮ ਨਾਮ ਸਤ ਹੀ ਹੈ – – –

ਅਗਰ ਸਹੀ ਤਰੀਕੇ ਨਾਲ ਜ਼ਮੀਨ ਦੀ ਵੰਡ ਕੀਤੀ ਜਾਏ, ਸਹੀ ਖੇਤੀ ਬਾੜੀ ਦੀਆਂ ਸਹੂਲਤਾਂ ਦਿਤੀਆਂ ਜਾਣ ਤਾਂ ਕੋਈ ਸ਼ੱਕ ਨਹੀਂ ਕਿ ਭਾਰਤ ਅਮਰੀਕਾ ਤੋਂ ਮੰਗਣ ਦੀ ਬਜਾਏ, ਉਹੋ ਜਿਹੇ ਕਈਆਂ ਨੂੰ ਖੈਰ ਪਾ ਸਕੇ ਪਰ ਬਘਿਆੜ ਦੇ ਗਲ ਘੰਟਾ ਕੌਣ ਬੰਨ੍ਹੇ ?

ਅਜ ਸਾਨੂੰ ਖਾਣ ਵਾਲੇ ਤੇਲ ਦੇ ਬੀਜ ਬਾਹਰੋਂ ਮੰਗਵਾਉਣੇ ਪੈ ਰਹੇ ਹਨ ਪਰ ਮੰਗ ਮੰਗ ਕੇ ਕਦ ਤੀਕ ਸਾਰੀ ਜਾਵਾਂਗੇ – – – – ? ਸਹੀ ਹਲ ਜ਼ਮੀਨ ਨੂੰ ਉਪਜਾਊ ਬਨਾਉਣ ਵਿਚ ਹੀ ਹੈ ???

* ਸਾਰ *

ਪਿਛਲੇਰੇ ਸਾਲ ਦੁਰਾਨ (1979) ਰੂਸ ਨੂੰ 2 ਕਰੋੜ ਕਵਿੰਟਲ ਕਣਕ ਹਿੰਦੁਸਤਾਨ ਵਿਚੋਂ ਭੇਜੀ ਗਈ ਸੀ ਕਿਉਂਕਿ ਪਹਿਲਾਂ ਅਸੀਂ ਰੂਸ ਤੋਂ ਪੈਟਰੋਲ ਮੰਗਵਾਇਆ ਸੀ ਵਰਨਾ ਸਰਕਾਰੀ ਭੰਡਾਰ ਵਿਚ ਬਿਲਕੁਲ ਕੋਈ ਕਮੀ ਨਹੀਂ ਸੀ ਆਉਣੀ। ਬਾਕੀ ਪੂਰੀ ਖਰੀਦ ਨਾ ਕਰ ਸਕਣਾ ਮੁੱਖ ਕਾਰਨ ਹੈ। ਅਗਰ ਸਰਕਾਰ ਬਦੇਸ਼ੀਆਂ ਨੂੰ 200 ਰੁਪਏ ਕਵਿੰਟਲ (ਭਾੜਾ ਗਿਣ ਕੇ) ਦੇ ਪੁਜਣ ਦੀ ਜਗ੍ਹਾ ਆਪਣਿਆਂ ਨੂੰ ਹੀ 150 ਦੇ ਛਡਦੀ ਤਾਂ ਕੀ ਫਰਕ ਪੈਣ ਲਗਾ ਸੀ ਪਰ ਕੌਣ ਆਖੇ ਰਾਣੀਏ .. ... ਕਰਜ਼ਾ ਲੈ ਲੈ ਕੇ ਕੁਝ ਨਹੀਂ ਸੌਰਨ ਲਗਾ ਜ਼ਰੂਰਤ ਲੋਕ-ਹਿਤੈਸ਼ੀ ਪ੍ਰਾਲਸੀਆਂ ਨੂੰ ਏਕਮਨ ਹੋ ਕੇ ਲਾਗੂ ਕਰਨ ਦੀ ਹੈ। ਬਲੈਕਮਨੀ ਨੂੰ ਤੁਰੰਤ ਬਾਹਰ ਕੱਢਵਾਇਆ ਜਾਣਾ ਚਾਹੀਦਾ ਹੈ। ਜਿਸ ਨਾਲ ਜ਼ਖੀਰੇਬਾਜਾਂ ਦੀ (Hoarding Power) ਵਧਦੀ ਹੈ । ਆਪਣੇ ਦੁੱਧ-ਮੱਖਣ ਬਾਹਰ ਭੇਜੀ ਜਾਣਾ ਤੇ ਬਾਹਰੋਂ ਡਾਲਡੇ ਖਾਤਰ ਤੇਲ ਅਤੇ ਤੇਲ ਦੇ ਬੀਜ ਮੰਗਵਾਈ ਜਾਣੇ ਕਿਧਰ ਦੀ ਦਰੁਸਤ ਪਾਲਿਸੀ ਹੈ। ਅਗਰ ਚਾਹੁੰਦੇ ਹੋ ਕਿ ਬਦੇਸ਼ਾਂ ਵਿਚ ਹਿਦੁਸਤਾਨ ਨੂੰ ਦਰ-ਦਰ ਦਾ ਭਿਖਾਰੀ ਨਾ ਸਮਝਿਆ ਜਾਏ ਤਾਂ ਇਹਨਾਂ ਸਭ ਗੱਲਾਂ ਤੇ ਵਿਚਾਰ ਕਰਨੀ ਸਾਡਾ ਸਭ ਦਾ ਫਰਜ਼ ਬਣਦਾ ਹੈ !! ○

---

# ਪਾਠਕ, ਲੇਖਕ, ਫੋਰਮ

[ ਪਾਠਕ, ਲੇਖਕ, ਫੋਰਮ ਵਿਚ ਇਸ ਅੰਕ ਵਿਚ ਕੁਝ ਅਹਿਮ ਮਸਲਿਆਂ ਬਾਰੇ ਸਾਡੇ ਪਾਠਕਾਂ ਵਲੋਂ ਧਿਆਨ ਦਿਵਾਇਆ ਗਿਆ ਹੈ। ਪੋਲੈਂਡ ਦੀਆਂ ਘਟਨਾਵਾਂ ਬਾਰੇ ਸੁਰਜੀਤ ਗਿੱਲ ਹੋਰਾਂ ਨੇ ਵਿਆਖਿਆ ਕਿਤੀ ਹੈ। ਅਸੀਂ ਇਸ ਵਿਚਾਰ ਵਟਾਂਦਰੇ ਨੂੰ ਜ਼ਰੂਰ ਅਗੇ ਲਿਜਾਣਾ ਚਾਹਾਂਗੇ ਕਿਉਂਕਿ ਸੰਸਾਰ ਵਿਚ ਮਾਰਕਸਵਾਦ ਨੂੰ ਮੰਨਣ ਵਾਲੀਆਂ ਕਮਿਊਨਿਸਟ ਪਾਰਟੀਆਂ ਨੇ ਜਿਥੇ ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ ਹਨ, ਉਥੇ ਇਹਨਾਂ ਪਾਰਟੀਆਂ ਦੇ ਪਿਛਲੇ 60-70 ਸਾਲ ਦੀਆਂ ਕਾਰ-ਗੁਜ਼ਾਰੀਆਂ ਨੇ ਇਮਾਨਦਾਰ ਦਿਲਾਂ ਵਿਚ ਕਈ ਕਿਸਮ ਦੇ ਕਿੰਤੂ ਵੀ ਪੈਦਾ ਕੀਤੇ ਹਨ। ਪਹਿਲੀ ਘਟਨਾ ਵਾਪਰੀ ਜਦੋਂ ਟਰਾਟਸਕੀ ਵਰਗਾ ਚਿੰਤਨ, ਲੈਨਿਨ ਦਾ ਨੇੜੇ ਦਾ ਸਾਥੀ ਸੋਵੀਅਤ ਪਾਰਟੀ ਦੇ ਮੋਢੀਆਂ ਵਿਚੋਂ ਇਕ, ਉਸੇ 'ਪਾਰਟੀ ਵਲੋਂ ਗ਼ਦਾਰ ਗਰਦਾਨਿਆਂ ਗਿਆ। ਬਾਅਦ ਵਿਚ ਸੋਵੀਅਤ ਪਾਰਟੀ ਵਿਚ ਹਰ ਤੀਜੇ ਸਾਲ ਕੋਈ ਨਾ ਕੋਈ Purge (ਜਲਾਬ ਵਰਗੀ ਕਾਰਵਾਈ) ਕਰਨੀ ਪਈ, ਇਹ ਕਹਿ ਕੇ ਕਿ ਉਲਟ ਇਨਕਲਾਬੀ ਦੁਸ਼ਮਣ ਦੇ ਏਜੰਟ ਪਾਰਟੀ ਵਿਚ ਆ ਘੁਸੇ ਹਨ। ਦੂਜੀ ਸੰਸਾਰ ਜੰਗ ਨੇ ਅੰਦਰੂਨੀ ਸੰਕਟ ਨੂੰ ਟਾਲ ਦਿਤਾ। ਬਾਅਦ ਵਿਚ ਮਾਰਸ਼ਲ ਟੀਟੋ ਅਤੇ ਫੇਰ ਕਾਮਰੇਡ ਮਾਓ ਦਾ ਕਾਮਰੇਡ ਸਟਾਲਿਨ ਨਾਲ ਵਖਰੇਵਾਂ ਸਾਹਮਣੇ ਆਇਆ। ਕਾਮਰੇਡ ਸਟਾਲਿਨ ਦੇ ਬਾਅਦ ਰੂਸ ਦੀਆਂ ਨੀਤੀਆਂ ਨੇ ਉਲਟ-ਬਾਜ਼ੀ ਖਾਧੀ, ਗ਼ਦਾਰ ਕਰਾਰ ਦਿਤੇ ਗਏ ਕਈ ਸਾਥੀ ਫੇਰ ਇਜ਼ਤ ਵਾਲੀ ਥਾਂ ਤੇ ਲਿਆਏ ਗਏ। (ਕਈ ਮੌਤ ਤੋਂ ਬਾਅਦ ਵੀ)। ਚੀਨ ਵਿਚ ਕਾਮਰੇਡ ਲਿਉ ਸ਼ਾਓ ਚੀ ਵਰਗੇ ਸਥਾਪਤ ਕਮਿਊਨਿਸਟ ਲੀਡਰ (ਚੰਗੇ ਕਮਿਊਨਿਸਟ ਕਿਸਤਰ੍ਹਾਂ ਬਣੀਏ ਦਾ ਰਚਣਹਾਰਾ) ਗ਼ਦਾਰ ਕਰਾਰ ਦਿਤੇ ਗਏ। ਚਾਰ ਹੋਰ ਪਹਿਲੇ ਕਾਮਰੇਡ ਮਾਓ ਦੇ ਜਾ-ਨਸ਼ੀਨ ਜਾਣੇ ਗਏ, ਫੇਰ ਉਹਨ ਨੂੰ 'ਜੁੰਡਲੀ' ਦਾ ਨਾਂ ਦਿਤਾ ਗਿਆ। ਹਿੰਦੋਸਤਾਨ ਦੀ ਕਮਿਊਨਿਸਟ ਪਾਰਟੀ ਤੇ ਕਾਮਰੇਡ ਡਾਂਗੇ 20 ਸਾਲ ਕਰਤਾ ਧਰਤਾ ਰਿਹਾ। ਉਹਦੀਆਂ ਨੀਤੀਆਂ ਰੱਦ ਹੋਈਆਂ ਤੇ ਉਹਨੇ ਹੋਰ ਪਾਰਟੀ ਬਣਾ ਲਈ ਪੰਜਾਬ ਵਿਚ ਨਕਸਲਵਾੜੀ ਗਰੁਪਾਂ ਦਾ ਇਕ ਆਗੂ ਕਿੰਨੇ ਸਾਲ ਇਕ ਪ੍ਰਮੁਖ ਆਗੂ ਦੇ ਤੌਰ ਤੇ ਕਾਇਮ ਰਿਹਾ ਤੇ ਫੇਰ ਚ੍ਰਿਤਰਹੀਣ ਸਾਬਤ ਕਰ ਦਿਤਾ ਗਿਆ। 'ਇਹ ਕੁਝ ਬੁਨਿਆਦੀ ਸਵਾਲ ਨੇ ਜਿਹੜੇ ਦਸਦੇ ਹਨ ਕਿ ਇਨਕਲਾਬੀ ਅਨੁਸ਼ਾਸ਼ਨ ਦੇ ਨਾਂ ਤੇ ਪਾਰਟੀ ਤੇ ਕਾਬਜ਼ ਕੁੱਟ ਵਿਅਕਤੀ ਕੈਡਰ ਦੀ ਰਾਏ ਨੂੰ ਦਬਾ ਦੇਂਦੇ ਹਨ ਤੇ ਦਬਾਈ ਰਖਦੇ ਹਨ ਜਦੋਂ ਤਕ ਹਾਲਤ ਕਿਸੇ ਸੰਕਟ ਦੀ ਹੱਦ ਤਕ ਨਹੀਂ ਪੁਜ ਜਾਂਦੀ। ਪੋਲੈਂਡ ਵਿਚ ਇਸਤਰ੍ਹਾਂ ਹੋਇਆ ਹੈ। ਕੈਡਰ ਦੀ ਰਾਏ ਨੂੰ ਪਾਰਟੀ ਬਿਉਰੋਕਰੇਟਾਂ ਨੇ ਦਬਾਈ ਰਖਿਆ ਹੈ। ਮਾਰਕਸਵਾਦ ਦੀ ਪਹਿਲੀ ਲੋੜ ਹੈ ਕਿ ਵਿਰੋਧ ਵਿਕਾਸ ਨਾਲ ਜਾਂ ਵਿਰੋਧਤਾਈਆਂ ਦੀ ਟੱਕਰ ਨਾਲ ਸੱਚ ਅਗੇ ਆਂਦਾ ਹੈ, ਪਰ ਆਪ ਕਮਿਊਨਿਸਟ ਪਾਰਟੀਆਂ ਵਿਚ ਵਿਰੋਧ ਨੂੰ ਦੱਬ ਦਿਤਾ ਜਾਂਦਾ ਹੈ। ਇਹਨਾਂ ਮਸਲਿਆਂ ਬਾਰੇ ਵਿਚਾਰ ਬਹੁਤ

ਜ਼ਰੂਰੀ ਹਨ ਕਿ ਕੋਈ ਅਸਫਲਤਾ ਕਿਸੇ ਕਮਿਊਨਿਸਟ ਪਾਰਟੀ ਦੀ ਅਸਫਲਤਾ ਹੈ ਜਾਂ ਮਾਰਕਸੀ ਫਿਲਾਸਫੀ ਦੀ ਊਣਤਾਈ ਹੈ ?...... ਵਿਦਿਆ ਸਿਸਟਮ ਬਾਰੇ ਵੀ ਹੀਰਾ ਸਿੰਘ ਤੇ ਲਾਲ ਸਿੰਘ ਹੋਰਾਂ ਦੇ ਵਿਚਾਰ ਦਿਤੇ ਜਾ ਰਹੇ ਹਨ। ਅਧਿਆਪਕ ਹੋਣ ਦੇ ਨਾਤੇ ਇਹਨਾਂ ਦੇ ਵਿਚਾਰ ਦੇ ਕੇ ਅਸੀਂ ਜਮਹੂਰੀ ਲਹਿਰ ਵਾਸਤੇ ਸਵਾਲ ਉਠਾ ਰਹੇ ਹਾਂ ਕਿਉਂਕਿ ਅਧਿਆਪਕ ਵਰਗ ਖਾਸ ਕਰਕੇ ਪੰਜਾਬ ਵਿਚ ਜਮਹੂਰੀ ਲਹਿਰ ਦਾ ਇਕ ਸ਼ਕਤੀਸ਼ਾਲੀ ਹਿੱਸਾ ਹੈ। ਕੁਝ ਵਿਚਾਰ ਸਮਤਾ ਵਿਚ ਛਪੀ ਹੋਈ ਸਮੱਗਰੀ ਬਾਰੇ ਹਨ, ਜਿਸ ਵਿੱਚ ਬੱਲੀ ਸਿੰਘ ਚੀਮਾਂ ਦੀ 'ਮੰਤਰੀ ਰੁਝੇ ਹੋਏ ਹਨ' ਨਾਟਕ ਬਾਰੇ ਰਾਏ ਸਾਡਾ ਧਿਆਨ ਖਿੱਚਦੀ ਹੈ। ਪਾਠਕ, ਲੇਖਕ, ਫੋਰਮ ਨੂੰ ਇਕ ਵਿਸ਼ਾਲ ਮੰਚ ਬਣਾਉਣ ਦੀ ਸਾਡੀ ਚਾਹ ਹੈ।

[ ਸੰਪਾਦਕ

## 1. ਪੋਲੈਂਡ ਹਾਰ ਕਿਸ ਦੀ ਹੈ ?

ਪੋਲੈਂਡ ਬਾਰੇ ਤੁਸੀਂ ਆਪ ਲਿਖਿਆ ਹੈ, ਤੇ ਹੋਰ ਸਾਥੀਆਂ ਦੀਆਂ ਟਿੱਪਣੀਆਂ ਛਾਪੀਆਂ ਹਨ। ਇਸ ਫੋਰਮ ਵਿੱਚ ਮੇਰਾ ਪੱਖ ਵੀ ਪ੍ਰਕਾਸ਼ਤ ਕਰੋ।

ਮੈਨੂੰ ਆਸ ਹੈ ਕਿ ਤੁਸੀਂ ਮੇਰੇ ਵਿਚਾਰਾਂ ਨੂੰ ਵੀ ਥਾਂ ਦੇਵੋਗੇ।

ਪੋਲੈਂਡ ਵਿਚ ਪਿਛਲੇ ਸਮੇਂ ਵਿਚ ਜੋ ਕੁਝ ਵਾਪਰਿਆ ਹੈ, ਉਹ ਸੰਸਾਰ ਦੇ ਕਮਿਊਨਿਸਟਾਂ ਤੇ ਸਮਾਜਵਾਦ ਦੇ ਮੁਦਈਆਂ ਲਈ ਇਕ ਨਮੋਸ਼ੀ ਤੇ ਹੇਠੀ ਵਾਲਾ ਹੈ। ਅਤਿ ਕੌੜੀ ਤੇ ਭੈੜੀ ਗੱਲ ਇਹ ਹੈ ਕਿ ਪੋਲੈਂਡ ਵਿਚ ਸਮਾਜਵਾਦ ਦੀ ਬੁਨਿਆਦੀ ਜਮਾਤ, ਮਜ਼ਦੂਰ ਜਮਾਤ ਨੂੰ ਦਬਾਉਣ ਲਈ ਵੀ ਸ਼ਕਤੀ ਦੀ ਵਰਤੋਂ ਕਰਨੀ ਪੈ ਰਹੀ ਹੈ। ਉਥੇ 35 ਸਾਲ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਨਾ ਮਜ਼ਦੂਰ ਜਮਾਤ ਨੂੰ ਆਪਣੇ ਹਿੱਤ ਬਾਰੇ ਜਾਗਰੂਕ ਕਰ ਸਕੀ ਅਤੇ ਨਾ ਹੀ ਆਰਥਕ ਤੌਰ ਤੇ ਸਮਾਜਵਾਦ ਦੀ ਉਸਾਰੀ ਕਰ ਸਕੀ। ਉਥੇ ਪਾਰਟੀ ਖੇਤੀ ਵਿਚ ਨਿੱਜੀ ਮਾਲਕੀ ਨੂੰ ਖਤਮ ਕਰਨ ਦੀ ਥਾਂ ਧਨੀ ਕਿਸਾਨ ਜਮਾਤ ਨੂੰ ਤਕੜਿਆਂ ਕਰਦੀ ਰਹੀ ਹੈ। ਵਿਚਾਰਧਾਰਕ ਪੱਖੋਂ ਉਥੇ ਮਾਰਕਸਵਾਦ ਦਾ ਪ੍ਰਚਾਰ ਕਰਕੇ ਨਵੇਂ ਸਮਾਜਵਾਦੀ ਮਨੁਖ ਦੀ ਸਿਰਜਣਾ ਕਰਨ ਦੀ ਥਾਂ ਕੈਥੋਲਿਕ ਗਿਰਜੇ ਦੀ ਜਕੜ ਕਾਇਮ ਰਖੀ ਗਈ ਹੈ। ਕਮਿਊਨਿਸਟ ਪਾਰਟੀ ਦੇ ਅਹੁਦੇਦਾਰ ਆਪ ਸੱਚੇ ਕਮਿਊਨਿਸਟ ਸਾਬਤ ਹੋਣ ਦੀ ਥਾਂ ਭੈੜੀ ਕਿਸਮ ਦੇ ਖੁਦਗਰਜ਼, ਮੌਕਾ-ਪ੍ਰਸਤ ਲਾਲਚੀ ਤੇ ਤਾਨਾਸ਼ਾਹ ਸਾਬਤ ਹੋਏ ਹਨ। ਪੋਲੈਂਡ ਦੀਆਂ ਇਹਨਾਂ ਘਟਨਾਵਾਂ ਨੇ 1848 ਤੋਂ ਕਮਿਊਨਿਸਟ ਮੈਨੀਫੈਸਟੋ ਦੇ ਛਪਣ ਤੋਂ ਲੈ ਕੇ 1917 ਦੇ ਮਹਾਨ ਸੋਵੀਅਤ ਇਨਕਲਾਬ ਤੇ ਉਸ ਤੋਂ ਪਿਛੋਂ ਅਜ ਤੱਕ ਦੇ ਸਮਾਜਵਾਦ ਸਬੰਧੀ ਕੀਤੇ ਦਾਅਵਿਆਂ ਨੂੰ ਮਿੱਟੀ ਵਿਚ ਰਲਾ ਕੇ ਰਖ ਦਿਤਾ ਹੈ। ਸਮਾਜਵਾਦ ਵਿਰੋਧੀ ਸ਼ਕਤੀਆਂ ਨੂੰ ਸਮਾਜਵਾਦ ਨੂੰ ਭੰਡਣ ਦੇ ਅਮਲੀ ਸਬੂਤ ਹੁਣ ਵਰਗੇ ਪਹਿਲਾਂ ਕਿਤੇ ਪਰਾਪਤ ਨਹੀਂ ਹੋਏ ਸਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੋਲੈਂਡ ਦੀਆਂ ਘਟਨਾਵਾਂ ਨੇ ਸੰਸਾਰ ਭਰ ਦੇ ਕਮਿਊਨਿਸਟਾਂ ਤੇ ਸਮਾਜਵਾਦ ਦੇ ਪੱਖੀਆਂ ਸਾਹਮਣੇ ਕਈ ਅਹਿਮ ਸਵਾਲ ਲਿਆ ਖੜੇ ਕੀਤੇ ਹਨ, ਜਿਨ੍ਹਾਂ ਦਾ ਉਤਰ ਉਹਨਾਂ ਨੂੰ ਹਰ ਹਾਲਤ ਵਿਚ ਦੇਣਾ ਪਵੇਗਾ। ਇਹਨਾਂ ਸਵਾਲਾਂ ਦਾ ਉਤਰ ਦਿਤੇ ਬਿਨਾਂ ਕਿਸੇ ਵੀ ਦੇਸ਼ ਵਿਚ ਕਮਿਊਨਿਸਟ ਲਹਿਰ ਦੀ ਉਸਾਰੀ ਸੰਭਵ ਨਹੀਂ ਹੋ ਸਕੇਗੀ ਖਾਸ ਕਰਕੇ ਉਹਨਾਂ ਦੇਸ਼ਾਂ ਵਿਚ ਜਿਥੇ ਹਾਲੇ ਇਨਕਲਾਬ ਹੋਣੇ ਹਨ, ਉਥੋਂ ਦੀਆਂ ਮਜ਼ਦੂਰ ਤੇ ਕਮਿਊਨਿਸਟ ਪਾਰਟੀਆਂ ਨੂੰ ਅਵੱਸ਼ ਹੀ ਆਪਣੇ ਕਾਡਰ ਤੇ ਆਮ ਲੋਕਾਂ ਨੂੰ ਇਹਨਾਂ ਸਵਾਲਾਂ ਦੇ ਉਤਰ ਦੇਣੇ ਪੈਣਗੇ। ਇਹ ਸਵਾਲ ਹਨ ਕਿ, ਐਨਾ ਲੰਮਾ ਸਮਾਂ ਕਮਿਊਨਿਸਟ ਪਾਰਟੀ ਦਾ ਰਾਜ ਰਹਿ ਕੇ ਵੀ ਸਮਾਜਵਾਦ ਕਿਉਂ ਨਹੀਂ ਉਸਰ ਸਕਿਆ ? ਨਿਜੀ ਜਾਇਦਾਦ ਕਿਉਂ ਕਾਇਮ ਰਹੀ ? ਗਿਰਜੇ ਦਾ ਪਰਭਾਵ ਕਿਉਂ ਕਾਇਮ ਰਿਹਾ ? ਪਾਰਟੀ ਦੇ ਅਹੁਦੇਦਾਰ ਕਮਿਊਨਿਸਟ ਕਿਉਂ ਨਾ ਬਣ ਸਕੇ ?

ਉਕਤ ਸਵਾਲਾਂ ਦੇ ਉਤਰ ਵੀ ਇਹਨਾਂ ਵਿਚ ਹੀ ਹਨ। ਸਾਰੇ ਜਾਣਦੇ ਹਨ ਕਿ ਪੋਲੈਂਡ ਤੇ ਪੂਰਬੀ ਯੂਰਪ ਦੇ ਹੋਰਨਾਂ ਦੇਸ਼ਾਂ 'ਚ ਇਨਕਲਾਬ ਉਥੋਂ ਦੀਆਂ ਕੌਮੀ ਕਮਿਊਨਿਸਟ ਪਾਰਟੀਆਂ ਦੇ ਸੰਘਰਸ਼ ਦੇ ਸਿਟੇ ਵਜੋਂ ਨਹੀਂ ਆਇਆ ਸੀ। ਬਲਕਿ ਹਿਟਲਰ ਦੀਆਂ ਫਾਸ਼ੀ ਫੌਜਾਂ ਦੀ ਹਾਰ ਤੇ ਲਾਲ ਫੌਜ ਦੇ ਅਗੇ ਵਧਣ ਨਾਲ ਸਰਕਾਰਾਂ ਬਦਲੀਆਂ ਸਨ। ਇਹਨਾਂ ਦੇਸ਼ਾਂ ਵਿੱਚ ਕਮਿਊਨਿਸਟ ਪਾਰਟੀਆਂ ਵੀ ਐਨੀਆਂ ਸ਼ਕਤੀਸ਼ਾਲੀ ਨਹੀਂ ਸਨ ਜਿਹੜੀਆਂ ਇਕੱਲੀਆਂ ਲੋਕਾਂ ਦਾ ਭਰੋਸਾ ਜਿੱਤ ਸਕਦੀਆਂ ਤੇ ਰਾਜ ਕਰ ਸਕਦੀਆਂ। ਕਈ ਦੇਸ਼ਾਂ ਵਿਚ ਮਜ਼ਦੂਰ ਜਮਾਤ ਦੇ ਨਾਲ ਮੱਧ-ਸ਼ਰੇਣੀ ਤੇ ਪੈਟੀ ਬੁਰਜਵਾ ਜਮਾਤ ਦੀਆਂ ਕੌਮੀ ਪਾਰਟੀਆਂ ਨੂੰ ਇਕੱਠਾ ਕਰਕੇ ਪਾਰਟੀਆਂ ਬਣਾਈਆਂ ਗਈਆਂ ਤੇ ਰਾਜ ਉਹਨਾਂ ਨੂੰ ਸੰਭਾਲ ਦਿਤਾ ਗਿਆ। ਪੋਲੈਂਡ ਵਿਚ ਵੀ ਇਹੋ ਕੁਝ ਵਾਪਰਿਆ ਸੀ। ਉਸ ਸਮੇਂ ਇਹ ਦਰੁਸਤ ਸੀ ਪਰੰਤੂ ਜੇਕਰ ਪਿਛੋਂ ਮਾਰਕਸਵਾਦ-ਲੈਨਿਨਵਾਦ ਦੇ ਅਸੂਲਾਂ ਤੇ ਪੂਰੀ ਤਰ੍ਹਾਂ ਡਟ ਕੇ ਪਹਿਰਾ ਦਿਤਾ ਜਾਂਦਾ। ਮੁਢ ਵਿਚ ਪਰੋਲੇਤਾਰੀ ਦੀ ਡਿਕਟੇਟਰੀ ਸਥਾਪਤ ਕਰਨ ਲਈ ਕੁਝ ਕਦਮ ਪੁਟੇ ਗਏ। ਜਿਹੜੇ ਦੇਸ਼ਾਂ ਵਿਚ ਮਾਰਕਸਵਾਦ ਤੇ ਲੈਨਿਨਵਾਦ ਦੇ ਅਸੂਲਾਂ ਤੋਂ ਪਾਸੇ ਜਾਣ ਦਾ ਯਤਨ ਕੀਤਾ ਗਿਆ। ਉਸ ਨੂੰ ਸਮਾਜਵਾਦੀ ਭਾਈਚਾਰੇ ਵਿਚੋਂ

ਨਿਖੇੜ ਦਿਤਾ ਗਿਆ। ਯੋਗੋਸਲਾਵੀਆ ਨਾਲ ਇਹੋ ਕੁਝ ਕੀਤਾ ਗਿਆ ਸੀ। ਪਰੰਤੂ ਮਹਾਨ ਮਾਰਕਸਵਾਦੀ ਤੇ ਲੈਨਿਨ ਦੇ ਸੱਚੇ ਸ਼ਿਸ਼ ਕਾਮਰੇਡ ਸਟਾਲਿਨ ਦੀ ਮਿਰਤੂ ਉਪਰੰਤ ਸੋਵੀਅਤ ਰੂਸ ਦੀ ਕਮਿਊਨਿਸਟ ਪਾਰਟੀ ਆਪ ਸੋਧਵਾਦ ਦੀ ਸ਼ਿਕਾਰ ਹੋ ਗਈ। ਸੰਸਾਰ ਸੋਧਵਾਦ ਦੇ ਗੁਰੂ ਘੰਟਾਲ ਖਰੁਸ਼ਚੋਵ ਨੇ ਪਾਰਟੀ ਦੀ ਵੀਹਵੀਂ ਕਾਂਗਰਸ ਵਿਚ ਸਾਥੀ ਸਟਾਲਿਨ ਵਿਰੁਧ ਭੰਡੀ ਪ੍ਰਚਾਰ ਕਰਕੇ ਸਾਰੇ ਸੰਸਾਰ ਵਿਚ ਸੋਧਵਾਦ ਦਾ ਝੰਡਾ ਝੁਲਾ ਦਿੱਤਾ। ਜਿਸ ਦੇ ਸਿੱਟੇ ਵਜੋਂ ਪੂਰਬੀ ਯੋਰਪ ਦੇ ਨਵੇਂ ਆਜ਼ਾਦ ਹੋਏ ਦੇਸ਼ਾਂ ਜਿੱਥੇ ਕਮਿਊਨਿਸਟ ਪਾਰਟੀਆਂ ਥੋੜਾ ਸਮਾਂ ਪਹਿਲਾਂ ਹੀ ਰਾਜ ਸਾਂਭਿਆ ਸੀ। ਜਿਥੇ ਪਾਰਟੀਆਂ ਵਿਗਿਆਨਕ ਤੌਰ ਤੇ ਉਸਰੀਆਂ ਤੇ ਰਾਜ ਤੇ ਨਹੀਂ ਬੈਠੀਆਂ ਸਨ, ਜਿਥੇ ਹਾਲੇ ਪਾਰਟੀਆਂ ਦਾ ਆਪਣਾ ਜਮਾਤੀਕਰਨ, ਨਹੀਂ ਹੋਇਆ ਸੀ। ਉਥੇ ਸੋਧਵਾਦ ਹੋਰ ਵੀ ਨੰਗੇ ਰੂਪ ਵਿਚ ਉਭਰਿਆ। ਉਥੇ ਇਕ ਪਿਛੋਂ ਦੂਜੇ ਦੇਸ਼ ਵਿਚ ਪਾਰਟੀਆਂ ਦੀਆਂ ਕਮਜ਼ੋਰੀਆਂ ਤੇ ਗੈਰ ਜਮਾਤੀ ਰੁਚੀਆਂ ਦਾ ਪਰਗਟਾਵਾ ਹੋਣ ਲਗਿਆ। ਸੱਭ ਤੋਂ ਪਹਿਲਾਂ ਹੰਗਰੀ ਵਿਚ ਫਿਰ ਚੈਕੋਸਲਵਾਕੀਆ ਵਿਚ ਖੁਦ ਦੇ ਪੋਲੈਂਡ ਵਿਚਲੀਆਂ ਘਟਨਾਵਾਂ ਵਰਗੀਆਂ ਘਟਨਾਵਾਂ ਵਾਪਰੀਆਂ ਹੰਗਰੀ ਦੀਆਂ ਘਟਨਾਵਾਂ ਵੇਲੇ ਸੋਵੀਅਤ ਫੌਜਾਂ ਉਸ ਦੇਸ਼ ਵਿਚੋਂ ਬਾਹਰ ਨਿਕਲ ਤੁਰੀਆਂ ਸਨ, ਪਰੰਤੂ ਚੀਨ ਦੀ ਕਮਿਊਨਿਸਟ ਪਾਰਟੀ ਦੇ ਲੀਡਰ ਕਾਮਰੇਡ ਮਾਉ-ਜ਼ੇ-ਤੁੰਗ ਨੇ ਆਪ ਦਖਲ ਅੰਦਾਜ਼ੀ ਕਰਕੇ ਉਹਨਾਂ ਨੂੰ ਰੋਕਿਆ ਤੇ ਦੇਸ਼ ਵਿਚ ਉਲਟ ਇਨਕਲਾਬ ਨੂੰ ਖਤਮ ਕਰਨ ਲਈ ਕਿਹਾ ਉਸ ਸਮੇਂ ਸਮਾਜਵਾਦੀ ਕੈਂਪ ਵਿਚ ਖਿਲੋਂ ਉਭਰੇ ਵਿਰੋਧ ਨਹੀਂ ਸਨ। ਚੈਕੋਸਲਵਾਕੀਆ ਦੀਆਂ ਘਟਨਾਵਾਂ ਸਮੇਂ ਇਹ ਵਿਰੋਧ ਉਭਰ ਕੇ ਸਾਹਮਣੇ ਆ ਚੁਕੇ ਸਨ। ਉਸ ਸਮੇਂ ਚੀਨ ਦੀ ਸਰਕਾਰ ਤੇ ਸੰਸਾਰ ਦੇ ਸਾਮਰਾਜੀਆਂ ਦੀ ਸੁਰ ਇਕੋ ਸੀ। ਸੋਵੀਅਤ ਫੌਜਾਂ ਦੀ ਕਾਰਵਾਈ ਨੂੰ ਚੈਕੋਸਲਵਾਕੀਆ ਉਤੇ ਹਿਟਲਰ ਦੇ ਹਮਲੇ ਨਾਲ ਤੁਲਨਾ ਦਿਤੀ ਗਈ।

ਪੋਲੈਂਡ ਦੀਆਂ ਘਟਨਾਵਾਂ ਨੂੰ ਮਾਰਕਸਵਾਦ ਤੇ ਸਮਾਜਵਾਦ ਵਿਰੋਧੀ ਉਥੇ ਮਾਰਕਸਵਾਦ ਦੀ ਹਾਰ ਕਹਿ ਰਹੇ ਹਨ। ਜਦੋਂ ਕਿ ਇਹਨਾਂ ਘਟਨਾਵਾਂ ਨੇ ਮਾਰਕਸਵਾਦ-ਲੈਨਿਨਵਾਦ ਦੇ ਅਸੂਲਾਂ ਦੀ ਸਚਾਈ ਨੂੰ ਹੋਰ ਵੀ ਉਜਾਗਰ ਕਰ ਦਿਤਾ ਹੈ ਪੋਲੈਂਡ ਦੀਆਂ ਘਟਨਾਵਾਂ ਨੇ ਸਾਬਤ ਕਰ ਦਿਤਾ ਹੈ ਕਿ ਕਿਸੇ ਦੇਸ਼ ਵਿਚ ਸਮਾਜਵਾਦ ਮਾਰਕਸੀ-ਲੈਨਿਨੀ ਅਸੂਲਾਂ ਨੂੰ ਦ੍ਰਿੜਤਾ ਨਾਲ ਲਾਗੂ ਕਰਕੇ ਹੀ ਉਸਰ ਸਕਦਾ ਹੈ, ਕੁਰਾਹੇ ਜਾ ਕੇ ਨਹੀਂ। ਇਹ ਅਸੂਲ ਹਨ —

— ਕਿਸੇ ਵੀ ਦੇਸ਼ ਵਿਚ ਇਨਕਲਾਬ ਉਥੋਂ ਦੀ ਮਜ਼ਦੂਰ ਪਾਰਟੀ ਆਪਣੀ ਸ਼ਕਤੀ ਤੇ ਜਮਾਤ ਦਾ ਭਰੋਸਾ ਜਿੱਤ ਕੇ ਲਿਆਉਂਦੀ ਹੈ।

— ਇਨਕਲਾਬ ਤੋਂ ਪਹਿਲਾਂ ਮਾਰਕਸੀ-ਲੈਨਿਨੀ ਅਸੂਲਾਂ ਅਨੁਸਾਰ ਰਤੀ ਹੋਈ ਤੇ ਪਰਖੀ ਕਮਿਊਨਿਸਟ ਪਾਰਟੀ ਦੀ ਹੋਂਦ ਜ਼ਰੂਰੀ ਹੈ।

— ਇਨਕਲਾਬ ਪਿਛੋਂ ਰਾਜ ਤੇ ਕਬਜ਼ਾ ਕਰਨ ਉਪਰੰਤ ਪਰੋਲੇਤਾਰੀ ਦੀ ਡਿਕਟੇਟਰੀ ਸਥਾਪਤ ਕਰਨੀ ਤੇ ਪਿਛਲੇ ਬੁਰਜਵਾ ਤੇ ਜਾਗੀਰਦਾਰੀ ਪਰੰਪਰਾ ਦੀ ਰਹਿੰਦ ਖੂੰਹਦ ਵਿਰੁਧ ਆਰਥਕ, ਰਾਜਸੀ ਤੇ ਸਭਿਆਚਾਰਕ ਖੇਤਰਾਂ ਵਿਚ ਸਿਰੜੀ ਸੰਘਰਸ਼ ਕਰਨਾ ਲਾਜ਼ਮੀ ਹੈ।

— ਨਿੱਜੀ ਜਾਇਦਾਦ ਨੂੰ ਹਰ ਪੱਧਰ ਤੇ ਖਤਮ ਕਰਨਾ ਜ਼ਰੂਰੀ ਹੈ।

— ਧਰਮ ਦੀ ਜਕੜ ਵਿਰੁਧ ਕਾਨੂੰਨੀ ਤੇ ਵਿਚਾਰਧਾਰਕ ਸੰਘਰਸ਼ ਕਰਨਾ ਜ਼ਰੂਰੀ ਹੈ। ਆਦਿ।

ਹਕੀਕਤਾਂ ਤੋਂ ਪਤਾ ਲਗਦਾ ਹੈ, ਕਿ ਪੋਲੈਂਡ ਵਿਚ ਉਕਤ ਸਾਰੇ ਅਸੂਲਾਂ ਦੀ ਅਵਹੇਲਨਾ ਹੋਈ ਹੈ।

ਹੁਣ ਇਕ ਆਖਰੀ ਸਵਾਲ ਹੁਣ ਪੋਲੈਂਡ ਵਿਚ ਫੌਜੀ ਕਾਰਵਾਈ ਕਿੰਨੀ ਕੁ ਜਾਇਜ਼ ਹੈ? ਅਸੂਲੀ ਤੌਰ ਤੇ ਕੋਈ ਵੀ ਕਮਿਊਨਿਸਟ ਤੇ ਮਾਰਕਸਵਾਦੀ ਇਸ ਨੂੰ ਦਰੁਸਤ ਨਹੀਂ ਕਹਿ ਸਕਦਾ। ਪਰ ਇਸ ਦਾ ਇਕ ਰਮਣੀਕ ਪੱਖ ਵੀ ਹੈ। ਉਹ ਇਹ ਕਿ ਜੇਕਰ ਉਥੇ ਫੌਜੀ ਕਾਰਵਾਈ ਨਾ ਕੀਤੀ ਜਾਵੇ ਤਾਂ ਕੀ ਹੋਵੇਗਾ? ਪਰਤੱਖ ਹੈ ਇਸ ਸਮੇਂ ਉਥੇ ਅਜਿਹੀਆਂ ਸ਼ਕਤੀਆਂ ਹਨ ਜਿਹੜੀਆਂ ਸਮਾਜਵਾਦ ਦੇ ਵਿਰੁਧ ਹਨ। ਉਹਨਾਂ ਦੀ ਚੜ੍ਹ ਮਚੇਗੀ। ਦੇਸ਼ ਮੁੜ ਸਰਮਾਏਦਾਰੀ ਦੇ ਰਾਹ ਤੇ ਪੈ ਜਾਵੇਗਾ। ਇਹ ਹੁਣ ਦੀ ਫੌਜੀ ਕਾਰਵਾਈ ਤੋਂ ਵੀ ਭੈੜੀ ਗੱਲ ਹੋਵੇਗੀ। ਇਹ ਬੁਰਿਆਈ ਤਾਂ ਹੈ ਪਰ ਦੂਜੀ ਨਾਲੋਂ ਛੋਟੀ ਹੈ।

ਇਸ ਅਜ ਸੰਸਾਰ ਦੇ ਸਮਾਜਵਾਦ ਤੇ ਮਾਰਕਸਵਾਦ ਦੇ ਪੱਖੀਆਂ ਨੂੰ ਵਿਰੋਧੀਆਂ ਦੀ ਬਲੀ ਬੋਲਣ ਦੀ ਥਾਂ ਸਬਕ ਸਿਖਣੇ ਚਾਹੀਦੇ ਹਨ ਅਤੇ ਹਕੀਕੀ ਮਾਰਕਸਵਾਦ-ਲੈਨਿਨਵਾਦ ਦੇ ਝੰਡੇ ਨੂੰ ਉਚਾ ਚੁਕਣਾ ਚਾਹੀਦਾ ਹੈ।

[ ਸੁਰਜੀਤ ਗਿੱਲ

## 2. *ਵਿਦਿਆ ਸਿਸਟਮ — ਨੁਕਸ ਕਿਥੇ ਹੈ? ਦੋਸ਼ੀ ਕੌਣ ਹੈ?*

ਸਮਤਾ ਜਨਵਰੀ ਅੰਦਰ ਤੁਹਾਡੇ ਵਲੋਂ ਆਈ ਪੇਸ਼ਕਸ਼ ਸਬੰਧੀ, ਵਿਦਿਅਕ ਖੇਤਰ ਵਿਚ ਆ ਰਹੇ ਨਿਘਾਰ ਦੇ ਕਾਰਨ, ਨਿਜੱਤਵ ਵਲੋਂ ਬਿਆਨ ਕਰਨ ਦੀ ਰੁਚੀ ਆਮ ਪ੍ਰਚਲਤ ਹੋ ਚੁਕੀ ਹੈ। ਪ੍ਰਬੰਧਕੀ ਢਾਂਚਾ ਅਧਿਆਪਕ ਉਤੇ ਸਾਰਾ ਨਜ਼ਲਾ ਸੁਟਦਾ ਹੈ। ਅਧਿਆਪਕ ਆਪਣੀ ਥਾਂ ਆਪਣੇ ਰੋਣੇ ਰੋਂਦੇ ਰਹਿ ਜਾਂਦੇ ਹਨ। ਲੋਕਾਂ ਨੂੰ ਅਸਲ ਬੀਮਾਰੀ ਦੀ ਜੜ੍ਹ ਤੋਂ ਪਤਾ ਲਗਣ ਤੋਂ ਗੁੰਮਰਾਹ ਕੀਤਾ ਜਾ ਰਿਹਾ ਹੈ।

ਨੁਕਸ ਕਿਥੇ ਹੈ ? ਕਸੂਰ ਕਿਸ ਦਾ ਹੈ ? ਦੇ ਅਨੁਮਾਨ ਹੇਠ ਮੈਂ ਅਨਪੜ੍ਹਾਂ ਤੋਂ ਲੈ ਕੇ ਵਕੀਲਾਂ ਤਕ ਪੰਦਰਾਂ ਵਿਅਕਤੀਆਂ ਦੇ ਵਿਚਾਰ ਇਕੱਤਰਤਾ ਕੀਤੇ ਹਨ। ਲੇਖ ਲੰਮਾ ਹੋ ਜਾਣ ਦੇ ਡਰੋਂ ਪਹਿਲੇ ਭਾਗ ਵਿਚ ਕੇਵਲ ਪੰਜ ਵਿਅਕਤੀ ਜਿਹੜੇ ਸਕੂਲ ਸੰਸਥਾਵਾਂ ਨਾਲ ਸਿਧੇ ਸਬੰਧਤ ਹਨ, ਦੇ ਵਿਚਾਰ ਭੇਜ ਰਿਹਾ ਹਾਂ।

— ਕਿਸੇ ਦੇਸ਼ ਦੀ ਉਨਤੀ ਦਾ ਮੁਢਲਾ ਭੇਦ, ਉਸ ਦੀ ਵਸੋਂ ਨੂੰ ਅਨਪੜ੍ਹਤਾ ਵਰਗੀ ਲਾਹਨਤ ਤੋਂ ਮੁਕਤ ਕਰਵਾ ਕੇ ਅਰੋਗ ਕਰਨਾ ਹੈ। ਹਰ ਕੋਈ ਜਾਣਦਾ ਹੈ ਕਿ ਢਾਈ ਤਿੰਨ ਸੌ ਸਾਲ ਵਿਦੇਸ਼ੀ ਗੁਲਾਮੀ ਹੇਠ ਨੱਪਿਆ ਭਾਰਤ, ਵਿਦਿਅਕ ਪੱਖੋਂ ਜਾਣ-ਬੁੱਝ ਕੇ ਅਣਗੌਲਿਆ ਰੱਖਿਆ ਗਿਆ। ਗੋਰੇ ਹਾਕਮਾਂ ਨੇ ਪ੍ਰਬੰਧਕੀ ਕੰਮ ਚਲਾਉਣ ਲਈ ਹਮਦਰਦ-ਜਮਾਤ ਦੇ ਚੋਣਵੇਂ 'ਲਾਲਾਂ' ਨੂੰ ਆਪ-ਣੀਆਂ ਲੋੜਾਂ ਅਨੁਸਾਰ ਸਿਖਸ਼ਤ ਤਾਂ ਕੀਤਾ; ਪਰ ਨਾਲ ਦੀ ਨਾਲ ਅਸਿੱਧੇ ਰੂਪ ਵਿਚ ਭਾਰਤੀ ਸਭਿਆਚਾਰ ਦੀਆਂ ਜੜ੍ਹਾਂ ਵੀ ਵੱਢ ਦਿਤੀਆਂ, ਜਿਸ ਦਾ ਸਿੱਟਾ ਇਹ ਹੋਇਆ ਹੋਇਆ ਕਿ ਅਜ ਪੈਂਤੀ ਵਰ੍ਹਿਆਂ ਪਿਛੋਂ ਵੀ ਅਸੀਂ ਆਪਣੇ ਸਭਿਆਚਾਰ ਦੀ ਪਿੱਠ-ਭੂਮੀ ਅਨੁਸਾਰ ਅਤੇ ਦੇਸ਼ ਨੂੰ ਲੋੜੀਂਦੀ ਤਕਨਾਲੋਜੀ ਅਨੁਸਾਰ ਆਪਣੀਆਂ ਵਿਦਿਅਕ ਯੋਜਨਾਵਾਂ ਨਹੀਂ ਬਣਾ ਸਕੇ।

ਸੰਤਾਲੀ ਦੀ ਵੰਡ ਸਮੇਂ ਪੈਂਤੀ ਕਰੋੜ ਦੀ ਅਬਾਦੀ ਵਾਲੇ ਦੇਸ਼ ਨੂੰ ਅਨਾਜ ਦੀ ਥੁੜ ਦੀ ਗੰਭੀਰ ਸਮਸਿਆ ਦਰਪੇਸ਼ ਸੀ, ਪਰ ਅਜ ਸੱਤਰ ਕਰੋੜ ਦੀ ਜਨ-ਸੰਖਿਆ ਦੀਆਂ ਲੋੜਾਂ ਪੂਰੀਆਂ ਕਰਨ ਜੋਗਾ ਅੰਨ ਉਗਾਉਣ ਦੀ ਸਫਲਤਾ ਪ੍ਰਾਪਤ ਹੈ। ਭਾਵ ਇਹ ਕਿ ਅਸੀਂ ਹਿਮਾਲੀਆ ਜਿੱਡੀ ਮਹਾਨ ਬਰਫੀਲੀ ਅਤੇ ਔਖੀ ਟੀਸੀ ਤਾਂ ਸਰ ਕਰ ਲਈ ਹੈ, ਪਰ ਸ਼ਿਵਾਲਿਕ ਜਿਹੀ ਪੱਧਰੀ ਅਤੇ ਰੋਚਕ ਘਾਟੀ ਤੇ ਚੜ੍ਹਨ ਵਿਚ ਬਿਲਕੁਲ ਹੀ ਅਸਫਲ ਰਹੇ ਹਾਂ — ਇਸ਼ਾਰਾ ਵਿਦਿਅਕ ਖੇਤਰ ਵਲ ਹੈ, ਉਨਤੀ ਦਾ ਰਾਹ ਮੋਕਲਾ ਅਤੇ ਪਧਰਾ ਕਰਨ ਵਾਲਾ ਹੈ।

ਪਿਛਲੇ ਕੁਝ ਸਮੇਂ ਅੰਦਰ ਜੇ ਕਿਤੇ ਇਸ ਸਮ-ਸਿਆ ਦਾ ਲੇਖਾ-ਜੋਖਾ ਕਰਨ ਲਈ ਕਿਸੇ ਨੇ ਕਲਮ ਚੁਕੀ ਵੀ ਹੈ ਤਾਂ ਸਾਰਾ ਨਜ਼ਲਾ ਅਧਿਆਪਕ ਸਿਰ ਸੁਟ ਕੇ ਫਿਰ ਚੁਪ ਸਾਧ ਲਈ ਹੈ। ਵਿਦਿਅਕ ਖੇਤਰ ਅੰਦਰ ਆਏ ਅਤੇ ਆ ਰਹੇ ਨਿਘਾਰ ਦੇ ਸਾਰੇ ਪੱਖਾਂ ਨੂੰ ਦ੍ਰਿਸ਼ਟੀ-ਮਾਨ ਕਰਨ ਨਾਲ ਹੀ ਪਤਾ ਕੀਤਾ ਜਾ ਸਕਦਾ ਹੈ ਕਿ ਨੁਕਸ ਕਿਥੇ ਹੈ ਅਤੇ ਦੋਸ਼ੀ ਕੌਣ ਹੈ ?

ਇਕ ਵਾਰ ਫਿਰ ਖੇਤੀ ਦੀ ਉਦਾਹਰਣ ਦੇ ਸੰਦਰਭ ਵਿਚ ਆਖਿਆ ਜਾ ਸਕਦਾ ਹੈ ਕਿ ਮਸ਼ੀਨਰੀ, ਖਾਦ, ਉਨਤ ਕਿਸਮ ਦੇ ਬੀਜ ਜਾਂ ਕੀੜੇ ਮਾਰ ਦੁਆਈਆਂ ਦੇ ਸਪਰੇਆਂ ਕਾਰਨ ਅਨਾਜ ਉਦਪਾਦਨਾਂ ਅੰਦਰ ਪਿਛਲੇ ਪੈਂਤੀ ਵਰ੍ਹਿਆਂ ਅੰਦਰ ਤਿੰਨ ਗੁਣਾ ਵਾਧਾ ਹੋਇਆ ਹੈ, ਪਰ ਇਸ ਵਾਧੇ ਦੇ ਕੇਂਦਰੀ ਧੁਰੇ-ਕਿਸਾਨ ਦੇ ਮੁਖ ਰੋਲ ਨੂੰ ਕਿਸੇ ਵੀ ਤਰ੍ਹਾਂ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਇਸਦੇ ਬਿਲਕੁਲ ਵਿਪ੍ਰੀਤ ਵਿਦਿਆ ਅੰਦਰ ਆਏ ਨਿਘਾਰ ਦੀ ਜ਼ਿੰਮੇਂਦਾਰੀ ਅਧਿਆਪਕ ਸਿਰ ਥੱਪਣ ਤੋਂ ਪਹਿਲਾਂ ਉਸ ਨੂੰ ਅਣ-ਪ੍ਰਾਪਤ ਸਮੱਗਰੀ ਵਲ ਧਿਆਨ ਦੇਣਾ ਪਵੇਗਾ ਕਿ ਇਸ ਖੇਤਰ ਨੂੰ ਉਪਜਾਊ ਬਣਾਉਣ ਲਈ ਕਿਹੜੇ ਤੱਤਾਂ ਦੀ ਘਾਟ ਰਹੀ, ਕਿਹੋ ਜਿਹੇ ਸੰਦ ਨਹੀਂ ਲੱਭੇ; ਕਿਹੋ ਜਿਹੇ ਬੀਜ ਚਾਹੀਦੇ ਸਨ, ਜਾਂ ਕਿਹੋ ਜਿਹੀਆਂ ਬੀਮਾਰੀਆਂ ਨੇ ਉਸ ਦੀ ਫ਼ਸਲ ਤੇ ਹੱਲਾ ਬੋਲਿਆ।

ਵਿਦਿਆ ਇਕ ਰਾਸ਼ਟਰ ਵਿਆਪੀ ਸਮਸਿਆ ਹੈ। ਉੱਚ-ਪੱਧਰੀ ਕਮਿਸ਼ਨਾਂ ਤੋਂ ਲੈ ਕੇ ਨੰਦੂ ਮੋਚੀ ਤਕ ਇਸ ਉਤੇ ਆਪਣੀ ਰਾਏ ਬਣਾ ਸਕਦਾ ਹੈ ਅਤੇ ਬਣਾਉਂਦਾ ਹੈ। ਘਸੀਟਾ ਰਾਮ ਛਾਬੜੀ ਵਾਲੇ ਤੋਂ ਲੈ ਕੇ ਰਾਸ਼ਟਰਪਤੀ ਤਕ ਇਸ ਬਾਰੇ ਫ਼ਿਕਰਮੰਦ ਹਨ। ਪਰ ਇਹ ਮਹਾਨ ਚਾਨਣ ਦੀ ਲੋਅ ਮੁੱਠੀ ਭਰ ਵਿਸ਼ੇਸ਼ ਵਰਗ ਦੇ ਮਹਿਲਾਂ ਨੂੰ ਹੀ ਕਿਉਂ ਰੁਸ਼ਨਾਉਂਦੀ ਹੈ ? ਬਾਕੀ ਜਨ-ਸਾਧਾਰਨ ਦੇ ਵਿਹੜਿਆਂ ਅੰਦਰ, ਹਾਲੀਂ ਵੀ ਉਸੇ ਤਰ੍ਹਾਂ ਅਨਪੜ੍ਹਤਾ ਦਾ ਹਨੇਰਾ ਕਿਉਂ ਪਸਰਿਆ ਹੈ ? — ਇਸ ਦੇ ਕਾਰਨ, ਖੇਤਰ ਨਾਲ ਸਿੱਧੇ ਜਾਂ ਅਸਿੱਧੇ ਰੂਪ ਨਾਲ ਸੰਬੰਧਤ ਵਿਅਕਤੀਆਂ ਨੇ ਹੇਠ ਲਿਖੇ ਅਨੁਸਾਰ ਬਿਨਾਂ ਝਿਜਕ ਪ੍ਰਗਟਾਏ ਹਨ।

ਪ੍ਰਬੰਧਕੀ ਅੰਗ ਦੀ ਹੇਠਲੀ ਕੜੀ ਭਾਵ ਸਕੂਲ ਦੇ ਮੁਖੀਆਂ ਦੇ ਇਕ ਪ੍ਰਤੀਨਿਧ ਪ੍ਰਿੰਸੀਪਲ ਇਕਬਾਲ ਸਿੰਘ ਦੇ ਵਿਚਾਰ ਹਨ ਕਿ ਵਿਦਿਆ ਦੇ ਡਿਗਦੇ ਮਿਆਰ ਦੇ ਕਾਰਨ — ਅਧਿਆਪਕਾਂ ਦੀ ਫਰਜ਼ ਤੋਂ ਕੁਤਾਹੀ, ਅਧਿਆਪਕਾਂ ਦੀ ਭਰਤੀ ਸਮੇਂ ਭਰਿਸ਼ਟਾਚਾਰ ਦਾ ਬੋਲ-ਬਾਲਾ, ਸੰਬੰਧਤ ਦਫਤਰਾਂ ਵਲੋਂ ਪਾਈਆਂ ਬੇਲੋੜੀਆਂ ਔਕੜਾਂ ਅਤੇ ਰੋਕਾਂ, ਮਾਪਿਆਂ ਵਲੋਂ ਮਿਲਵਰਤਣ ਦੀ ਘਾਟ, ਵਿਦਿਆਰਥੀਆਂ ਦੀ ਕਮਜ਼ੋਰ ਸਿਹਤ, ਘਰਾਂ ਅੰਦਰ ਟੈਲੀਵੀਯਨ ਅਤੇ ਸ਼ਰਾਬ ਦੀ ਖੁਲ੍ਹੀ ਵਰਤੋਂ ਹੈ। ਦੂਜਾ ਪੱਖ, ਉਹਨਾਂ ਕਿਹਾ — ਕਿ ਅਢੁਕਵਾਂ ਸਿਲੇਬਸ, ਰੌਚਿਕਤਹੀਣ ਕਿਤਾਬਾਂ, ਪੁਸਤਕਾਲਿਆਂ ਅਤੇ ਪ੍ਰਯੋਗ-ਸ਼ਾਲਾਵਾਂ ਦੀ ਅਣਹੋਂਦ, ਟੂਰਨਾਮੈਂਟਾਂ ਦਾ ਬੇਲੋੜਾ ਧੰਦਾ ਵੀ ਵਿਦਿਆਰਥੀਆਂ ਦੀ ਰੁਚੀ ਨੂੰ ਖਿਲਾਰਣ ਵਿਚ ਚੋਖਾ ਹਿੱਸਾ ਪਾਉਂਦਾ ਹੈ। ਸਿਲੇਬਸ ਬਾਰੇ ਉਹਨਾਂ ਬੜੇ ਹੀ ਸਪਸ਼ਟ ਵਿਚਾਰ ਪ੍ਰਗਟਾਏ ਕਿ 8ਵੀਂ ਜਮਾਤ ਤੋਂ ਉਪਰ ਹਿਸਾਬ ਅਤੇ ਅੰਗਰੇਜ਼ੀ ਫਜ਼ੂਲ ਦਾ ਬੋਝ ਹੈ ਜਿਹੜਾ ਹਰ ਬੱਚੇ ਤੇ ਮਲੋ-ਮੱਲੀ ਲਦਿਆ ਜਾਂਦਾ ਹੈ, ਜਦ ਕਿ ਇਹ ਵਿਰਲੇ ਹੁਸ਼ਿਆਰ ਵਿਦਿਆਰਥੀਆਂ ਦੀ ਆਪਸ਼ਨ ਹੋਣੇ ਚਾਹੀਦੇ ਹਨ। ਦੂਜੇ ਵਿਸ਼ੇ ਜਿਵੇਂ ਸਮਾਜਕ ਅਤੇ ਵਿਗਿ-ਆਨ ਵੀ ਖੇਤਰੀ ਗਿਆਨ ਤੋਂ ਸ਼ੁਰੂ ਹੋ ਕੇ ਜ਼ਿਲਿਆਂ, ਪ੍ਰਾਂਤਾਂ, ਦੇਸ਼ਾਂ ਅਤੇ ਪ੍ਰਦੇਸ਼ਾਂ ਦੇ ਗਿਆਨ ਵਲ ਵਧਣੇ

ਚਾਹੀਦੇ ਹਨ। ਪਰੰਤੂ ਹੁਣ ਇਸ ਦੇ ਬਿਲਕੁਲ ਉਲਟ ਹੈ। ਛੇਵੀਂ, ਸਤਵੀਂ ਜਮਾਤ ਅੰਦਰ ਤਹਿਸੀਲ ਅਤੇ ਜ਼ਿਲੇ ਦੀ ਭੂਗੋਲ ਦੀ ਥਾਂ ਅਫਰੀਕਾ ਅਤੇ ਆਸਟਰੇਲੀਆ ਪੜ੍ਹਾਏ ਜਾਂਦੇ ਹਨ। ਅਠਵੀਂ ਵਿਚ ਯੂਰਪ ਅਤੇ ਨੌਵੀਂ ਦਸਵੀਂ ਵਿਚ ਭਾਰਤ ਪੜ੍ਹਾਇਆ ਜਾਂਦਾ ਹੈ। ਇਹ ਸਰਾਸਰ ਗਲਤ ਹੈ। ਇਹ ਪੁਛੇ ਜਾਣ ਤੇ ਕਿ ਸਰਕਾਰ ਇਸ ਪ੍ਰਤੀ ਗੰਭੀਰ ਕਿਉਂ ਨਹੀਂ ਹੈ? ਉਹਨਾਂ ਉਤਰ ਦਿਤਾ ਕਿ ਸਰਕਾਰਾਂ ਵਾਲਪੋਲ ਦੀ ਡਫਰ ਭਰਤੀ ਕਰਨ ਦੀ ਨੀਤੀ ਤੇ ਚਲਦੀਆਂ ਹੋਈਆਂ ਸ੍ਰੀ ਹਰਿਗੋਬਿੰਦ ਖੁਰਾਣਾਂ ਵਰਗੇ ਵਿਗਿਆਨੀਆਂ ਅਤੇ ਖੋਜੀਆਂ ਨੂੰ ਨਿਰ-ਉਤਸ਼ਾਹ ਕਰਕੇ ਦੇਸ਼ ਨਿਕਾਲਾ ਦੇਣ ਲਈ ਮਜਬੂਰ ਕਰਦੀਆਂ ਹਨ। ਸਿੱਟੇ ਵਜੋਂ ਉਹਨਾਂ ਆਖਿਆ ਕਿ ਬੜੇ ਹੀ ਦੁਖੀ ਹਿਰਦੇ ਨਾਲ ਇਹ ਆਖਣਾ ਪੈਂਦਾ ਹੈ ਕਿ ਸਾਡੇ ਦੇਸ਼ ਦੀ ਵਿਦਿਆ ਦਾ ਭਵਿਖ ਬਿਲਕੁਲ 'ਡਾਰਕ' ਹੈ, ਪਰ ਫਿਰ ਵੀ ਅਧਿਆਪਕ 'ਡੀਵੋਸ਼ਨ' ਨਾਲ ਕੰਮ ਕਰਕੇ ਕੁਝ ਆਸ ਦੀ ਕਿਰਨ ਉਜਾਗਰ ਜ਼ਰੂਰ ਕਰ ਸਕਦਾ ਹੈ।

ਪੰਜਾਬ ਅੰਦਰ ਅਧਿਆਪਕ ਵਰਗ, ਅੱਸੀ ਹਜ਼ਾਰ ਟਰੇਂਡ ਵਿਅਕਤੀਆਂ ਦਾ ਇਕ ਸਮੂਹ ਹੈ, ਜਿਹੜਾ ਆਪਣੀ ਰੋਜ਼ੀ ਰੋਟੀ ਸਕੂਲ ਇਹਾਤਿਆਂ ਅੰਦਰ, ਉਪ-ਲਭਧ ਸਮੱਗਰੀ ਨਾਲ ਦੇਸ਼ ਦੀ ਪਨੀਰੀ ਨੂੰ ਪੌਦੇ ਬਣਾਉਣ ਦੇ ਮਹਾਨ ਕਾਰਜ ਅੰਦਰ ਜੁਟਿਆ ਹੋਇਆ ਵੀ ਇਹ ਸਮਝਦਾ ਹੈ ਕਿ ਜੋ ਕੁਝ ਉਹ ਕਰ ਰਿਹਾ ਹੈ ਉਸ ਨਾਲ ਵਿਦਿਆ ਦਾ ਪਸਾਰ ਤਸੱਲੀ ਬਖਸ਼ ਨਹੀਂ ਹੈ। ਇਸ ਵਰਗ ਦੀ ਜਥੇਬੰਦੀ ਦੇ ਹੁਸ਼ਿਆਰਪੁਰ ਜ਼ਿਲਾ ਇਕਾਈ ਦੇ ਸੀਨੀਅਰ ਵਾਈਸ ਪ੍ਰਧਾਨ; ਮਾ: ਸਰਿੰਦਰ ਸਿੰਘ ਨੇ, ਵਿਦਿਅਕ ਖੇਤਰ ਅੰਦਰ ਆ ਰਹੇ ਨਿਘਾਰ ਦੇ ਕਾਰਨ ਦਸਦਿਆਂ ਆਖਿਆ — ਕਿ ਹਰ ਰਾਜ ਕਰਨੀ ਜਮਾਤ ਸਭ ਕਿਸਮ ਦੀਆਂ ਸੰਸਥਾਵਾਂ ਸਮੇਤ ਵਿਦਿਆ ਨੂੰ ਆਪਣੀਆਂ ਲੋੜਾਂ ਅਨੁਸਾਰ ਢਾਲਦੀ ਹੈ, ਫੀਉਡਲ ਅਤੇ ਪੂੰਜੀਪਤੀ ਜਮਾਤ ਇਹ ਨਹੀਂ ਚਾਹੁੰਦੀ ਕਿ ਜਨ-ਸਾਧਾਰਨ ਸਿਖਿਅਤ ਹੋ ਕੇ ਆਪਣੇ ਹੱਕਾਂ ਤੋਂ ਜਾਣੂ ਹੋ ਸਕੇ। ਇਸ ਲਈ ਅਜੋਕੀ ਸਥਿਤੀ ਵਿਚ ਜੇ ਕੋਈ ਵਿਦਿਆ ਅੰਦਰ ਰੈਡੀਕਲ ਸੁਧਾਰਾਂ ਦੀਆਂ ਡੀਂਗਾਂ ਮਾਰਦਾ ਹੈ ਤਾਂ ਲੋਕਾਂ ਨੂੰ ਗੁੰਮਰਾਹ ਕਰਨ ਤੋਂ ਸਿਵਾ ਕੁਝ ਵੀ ਨਹੀਂ। ਇਸੇ ਹੀ ਰੁਝਾਨ ਨੂੰ ਮੁਖ ਰਖਦਿਆਂ ਵਿਦਿਅਕ ਅਦਾਰਿਆਂ ਉਤੇ ਬੁਧੀਜੀਵੀਆਂ ਦੀ ਥਾਂ ਬਿਊਰੋਕਰੇਟਾਂ ਦੀਆਂ ਨਿਯੁਕਤੀਆਂ ਹੋ ਰਹੀਆਂ ਹਨ।

ਇਹ ਪੁਛੇ ਜਾਣ ਤੇ ਕਿ ਨਿਰੀ ਸੁਚੇਤ ਅਧਿਆਪਕ ਵੀ ਏਸੇ ਹੀ ਚੱਕੀ ਵਿਚ ਪਿਸਦਾ ਜਾਵੇਗਾ ਜਾਂ ਕੁਝ ਨਾ ਕੁਝ ਆਪਣੀ ਹੋਂਦ ਕਾਇਮ ਕਰਨ ਲਈ ਉਪਰਾਲਾ ਕਰੇਗਾ? ਉਹਨਾਂ ਕਿਹਾ ਕਿ ਅਧਿਆਪਕ ਵੀ ਇਸੇ ਹੀ ਭ੍ਰਿਸ਼ਟ ਸਮਾਜ ਦਾ ਅੰਗ ਹੋਣ ਕਰਕੇ ਆਲੇ ਦੁਆਲੇ ਦੇ ਪ੍ਰਭਾਵ ਤੋਂ ਵਾਂਝਿਆ ਨਹੀਂ ਰਹਿ ਸਕਦਾ। ਦੂਜੇ ਉਹ ਲੋਕਾਂ ਦੇ ਬਹੁਤ ਨੇੜੇ ਹੋਣ ਕਰਕੇ, ਆਪਣੇ ਫਰਜ਼ ਤੋਂ ਕੀਤੀ ਥੋੜੀ ਜਿਹੀ ਅਣਗਹਿਲੀ ਦਾ ਵੀ ਕਸੂਰਵਾਰ ਬੜੀ ਛੇਤੀ ਅਤੇ ਸੌਖੀ ਤਰ੍ਹਾਂ ਗਰਦਾਨਿਆਂ ਜਾਂਦਾ ਹੈ। ਉਪਾ ਵਜੋਂ ਉਹਨਾਂ ਸਿਲੇਬਸ ਦੇ ਤਕਨੀਕੀਕਰਨ ਉਤੇ ਜ਼ੋਰ ਦਿਤਾ ਤਾਂ ਕਿ ਅਜੋਕੀ ਸਥਿਤੀ ਵਿਚ ਵਿਦਿਆਰਥੀ ਘਟੋ ਘਟ ਆਪਣੀ ਰੋਜ਼ੀ-ਰੋਟੀ ਜੋਗਾ ਤਾਂ ਹੋ ਸਕੇ।

ਡਿਸਟਰਿਕ ਬੋਰਡਾਂ ਵਲੋਂ ਦਿਤੀ ਜਾਂਦੀ ਵਿਦਿਆ ਤੋਂ ਲੈਕੇ ਅਜ ਦੇ ਸਰਕਾਰੀ ਸਕੂਲਾਂ ਨਾਲ ਸੰਬੰਧਤ ਪੇਰੈਂਟ-ਟੀਚਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਜਨਕ ਸਿੰਘ — ਸਾਬਕਾ ਚੇਅਰਮੈਨ ਬਲਾਕ ਸੰਮਤੀ ਮੁਕੇਰੀਆਂ ਨੇ ਅਜੋਕੇ ਸਮੇਂ ਅੰਦਰ ਵਿਦਿਅਕ ਖੇਤਰ ਵਿਚ ਆਏ ਨਿਘਾਰ ਦਾ ਪਹਿਲਾ ਕਾਰਨ, ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚਕਾਰ 'ਤਿੜਕ ਚੁਕੇ ਰਿਸ਼ਤੇ' ਦਸਿਆ। ਵਿਦਿਆਰਥੀਆਂ ਅੰਦਰ ਵਧੀ ਅਨੁਸ਼ਾਸਨ-ਹੀਣਤਾ ਨੂੰ ਉਹਨਾਂ 'ਪਛਮੀ ਪ੍ਰਭਾਵ ਦੀ ਅੰਨ੍ਹੇਵਾਹ ਨਕਲ' ਆਖਿਆ। ਪ੍ਰਾਇਮਰੀ ਸਕੂਲਾਂ ਵਿਚ ਵਿਦਿਆ ਦੀ ਕੱਚੀ ਰਹਿ ਜਾਂਦੀ ਬੁਨਿਆਦ ਦਾ ਕਾਰਨ, ਉਹਨਾਂ ਇਸਤਰੀ ਅਧਿਆਪਕਾਂ ਦੀ 'ਥੋਕ ਭਰਤੀ' ਆਖਿਆ, ਜਿਹੜੀਆਂ ਮਮਤਾ ਭਰਪੂਰ ਹੁੰਦੀਆਂ ਹੋਣ ਤੇ ਵੀ ਗੱਪਾਂ-ਸ਼ੱਪਾਂ ਅਤੇ ਬੁਨਣ-ਬੁਣਾਈ ਅੰਦਰ ਸਾਰਾ ਸਮਾਂ ਅਜਾਈਂ ਗਵਾਉਂਦੀਆਂ ਹਨ। ਉਹਨਾਂ 60% ਮਾਪਿਆਂ ਨੂੰ ਕਸੂਰਵਾਰ ਗਰਦਾਨਿਆਂ ਜਿਨ੍ਹਾਂ ਨੂੰ ਇਹ ਪਤਾ ਹੀ ਨਹੀਂ ਕਿ ਉਹ ਆਪਣੇ ਬੱਚੇ ਸਕੂਲ ਕਿਸ ਕਾਰਨ ਭੇਜਦੇ ਹਨ? ਅਤੇ ਭਵਿਖ ਅੰਦਰ ਉਹਨਾਂ ਤੋਂ ਕੀ ਕਰਵਾਉਣਾ ਹੈ? ਉਪਰੰਤ ਉਹਨਾਂ ਦੇਸ਼ ਦੇ ਸਮੂਹੇ ਢਾਂਚੇ ਨੂੰ ਕਸੂਰਵਾਰ ਆਖਦਿਆਂ ਸਪਸ਼ਟ ਕੀਤਾ ਕਿ ਜਾਣ ਬੁਝ ਕੇ ਲੋਕਾਂ ਨੂੰ ਅਨਪੜ੍ਹ ਰਖਿਆ ਜਾ ਰਿਹਾ ਹੈ ਤਾਂ ਕਿ ਰਾਜਨੀਤੀ ਅੰਦਰ ਰਾਜ ਕਰਦੀ ਪਾਰਟੀ ਨੂੰ ਜੀ ਹਜ਼ੂਰੀਏ ਮਿਲਦੇ ਰਹਿ ਸਕਣ। ਦੇਸ਼ ਅੰਦਰ ਵਿਚਰਦੇ ਲੋਕ-ਰਾਜ ਤੇ ਸ਼ੰਕਾ ਪ੍ਰਗਟਾਉਂਦਿਆਂ ਉਹਨਾਂ ਸ੍ਰੀ ਸ਼ਕਧਰ ਦੀ ਆਖੀ ਇਕ ਮਹਾਨ ਸੂਚਨਾ ਨੋਟ ਕਰਵਾਈ ਕਿ ਜੇ ਰਾਜਨੀਤਕ ਪਾਰਟੀਆਂ 50% ਵੀ ਈਮਾਨਦਾਰ ਮੈਂਬਰ ਲੈਜਿਸਲੇਚਰਾਂ ਅੰਦਰ ਭੇਜ ਦੇਣ ਤਾਂ ਦੇਸ਼ ਦੀ ਕਾਇਆ ਕਲਪ ਹੋ ਸਕਦੀ ਹੈ। ਅਖੌਤੀ ਲੋਕ-ਤੰਤਰ ਦੀ ਅਜੋਕੀ ਪ੍ਰਣਾਲੀ ਦੇ ਸੰਚਾਲਿਕ ਦੇ ਇਸ ਬਿਆਨ ਤੋਂ ਇਹ ਨਿਰਣਾ ਸਹਿਜੇ ਹੀ ਕੀਤਾ ਜਾ ਸਕਦਾ ਹੈ ਕਿ 95% ਵਿਧਾਇਕਾਂ ਦਾ ਕਿਰਦਾਰ ਕਿਹੋ ਜਿਹਾ ਹੈ ਅਤੇ ਉਹ ਜਨ-ਸਾਧਾਰਨ ਦੀ ਆਰਥਕ ਦਿਸ਼ਾ ਸੁਧਾਰਨ ਅਤੇ ਉਹਨਾਂ ਦੀ ਅਨ-ਪੜ੍ਹਤਾ ਦੂਰ ਕਰਨ ਲਈ ਕਿੰਨੇ ਕੁ ਫਿਕਰਮੰਦ ਹਨ।

1963-66 ਤਕ ਹੁਸ਼ਿਆਰਪੁਰ ਜ਼ਿਲਾ ਪ੍ਰੀਸ਼ਦ ਵਿਚ

'ਵਿਦਿਅਕ ਐਡਵਾਈਜ਼ਰ' ਹੋਣ ਦੇ ਤਜਰਬੇ ਤੋਂ ਉਹਨਾਂ ਵਿਦਿਆ ਮਹਿਕਮੇ ਦੀ ਕਾਰਗੁਜ਼ਾਰੀ ਨੂੰ ਨਾਕਸ ਦਸਦਿਆਂ ਆਖਿਆ ਕਿ ਮੁਢਲਾ ਕਦਮ ਪ੍ਰਾਇਮਰੀ ਦੀ ਬੁਨਿਆਦ ਪੱਕੀ ਕਰਨਾ ਹੈ, ਜਿਥੇ ਘੱਟੋ-ਘਟ 'ਟਰੇਂਡ-ਗਰੈਜੂਏਟ' ਅਧਿਆਪਕ ਨਿਯੁਕਤ ਹੋਣੇ ਚਾਹੀਦੇ ਹਨ। ਪਿੰਡਾਂ ਦੇ ਸਕੂਲਾਂ ਦੀ ਦਿਸ਼ਾ ਸੁਧਾਰਨ ਲਈ, ਉਹਨਾਂ ਸਰਦਾਰ ਲਛਮਣ ਸਿੰਘ ਗਿੱਲ — ਸਾਬਕਾ ਮੁਖ ਮੰਤਰੀ ਪੰਜਾਬ ਨੂੰ ਬੜੇ ਸਤਿਕਾਰ ਨਾਲ ਯਾਦ ਕਰਦਿਆਂ ਆਖਿਆ ਕਿ ਕਾਸ਼ ਉਹਦੇ ਵਰਗਾ 'ਮਰਦ ਮੁਖ-ਮੰਤਰੀ' ਪੰਜਾਬ ਨੂੰ ਕਿਧਰੇ ਇਕ ਵਾਰ ਫਿਰ ਮਿਲ ਸਕੇ, ਜਿਹੜਾ ਸਾਡੀਆਂ ਲੋੜਾਂ ਅਨੁਸਾਰ ਵਿਦਿਅਕ ਪਾਠ ਕਰਮ ਅਤੇ ਪ੍ਰਬੰਧ ਅੰਦਰ ਮਿਥੀ-ਤਰ੍ਹ ਤਬਦੀਲੀ ਲਿਆ ਸਕੇ।

ਕਿਤੇ ਵਜੋਂ ਮਾਲਕ-ਟਰੱਕ-ਡਰਾਈਵਰ, ਪਰੰਤੂ ਮੁਕੇਰੀਆ ਸਰਕਲ ਦੀ ਅਕਾਲੀ ਪਾਰਟੀ ਦੇ ਸਰਕਲ ਜਥੇਦਾਰ ਸਰਦਾਰ ਪ੍ਰੀਤਮ ਸਿੰਘ — ਪ੍ਰਧਾਨ ਪ੍ਰਬੰਧਕ ਕਮੇਟੀ ਗੁਰੂ ਨਾਨਕ ਗਰਲਜ਼ ਹਾਈ ਸਕੂਲ, ਨੇ ਦੋ-ਟੂਕ ਸ਼ਬਦਾਂ ਅੰਦਰ ਆਪਣੇ ਵਿਚਾਰ ਦੱਸਦਿਆਂ ਆਖਿਆ — ਕਿ ਅਧਿਆਪਕਾਂ ਦੀਆਂ ਘਟ ਤਨਖਾਹਾਂ, ਕਮੇਟੀਆਂ ਅਤੇ ਅਧਿਆਪਕਾਂ ਅੰਦਰਲੀ ਧੜੇਬੰਦੀ ਤੇ ਨੈਤਿਕ ਗਿਰਾਵਟ, ਨੌਕਰੀਆਂ ਸਮੇਂ ਨਖਿੱਦ ਅਤੇ ਅਯੋਗ ਅਧਿਆਪਕਾਂ ਦੀ ਰੀਜ਼ਰਵੇਸ਼ਨ ਰਾਹੀਂ ਭਰਤੀ; ਵਿਦਿਆਰਥੀਆਂ ਉਤੇ ਵਿਸ਼ਿਆਂ ਦੇ ਥੋਤੇ-ਲੱਦ ਭਾਰ, ਪਾਠ ਕਰਮ ਅੰਦਰ ਧਾਰਮਿਕ ਵਿਦਿਆ ਦੀ ਅਣਹੋਂਦ, ਵਿਦਿਅਕ ਖੇਤਰ ਅੰਦਰ ਆ ਰਹੇ ਨਿਘਾਰ ਦੇ ਮੁਖ ਕਾਰਨ ਹਨ।

ਉਪਾ ਵਜੋਂ, ਉਹਨਾਂ ਵਪਾਰਿਕ ਅੱਡਿਆਂ — ਭਾਵ ਮਾਡਲ ਸਕੂਲਾਂ ਨੂੰ ਖ਼ਤਮ ਕਰਕੇ ਸਾਰੇ ਦੇਸ ਲਈ ਇਕ-ਸਾਰ ਪਾਠ ਕਰਮ ਤਿਆਰ ਕਰਨ ਅਤੇ ਖੇਤਰੀ ਲੋੜਾਂ ਅਨੁਸਾਰ ਕਿੱਤਾ ਕਰਨ ਦੀ ਪੁਰਜ਼ੋਰ ਸਿਫ਼ਾਰਸ਼ ਕੀਤੀ। ਅਤੇ ਨਾਲ ਦੀ ਨਾਲ ਉਹਨਾਂ ਸਰਕਾਰ ਵਲੋਂ ਸੁਧਾਰ ਹਿੱਤ ਨਿੱਤ ਨਵੇਂ ਦਾਗੇ ਜਾਂਦੇ ਬਿਆਨ ਦੀ ਨਿਖੇਧੀ ਵੀ ਕੀਤੀ ਜਿਨ੍ਹਾਂ ਨੂੰ ਅਜ ਤਕ ਇਕ ਵਾਰ ਵੀ ਅਮਲੀ ਰੂਪ ਨਹੀਂ ਦਿਤਾ ਗਿਆ।

ਕੁਝ ਅਜਿਹੇ ਹੀ ਵਿਚਾਰ 1953 ਤੋਂ ਲੜਕਿਆਂ ਦਾ ਹਾਈ ਸਕੂਲ (ਹੁਣ ਹਾਇਰ ਸੈਕੰਡਰੀ) ਚਲਾ ਰਹੇ ਸੱਜਣ ਸਰਦਾਰ ਕਰਨੈਲ ਸਿੰਘ ਘੁੰਮਣ ਹੋਰਾਂ ਨੇ ਦਸੇ — ਕਿ ਉਹਨਾਂ ਦੇ ਸਥਾਨ ਰਾਣੀ ਸੁੰਦਰਾਂ ਦੇ ਪਿੰਡ ਰੋੜਸ (ਸਿਆਲਕੋਟ) ਦੇ ਸਾਰੇ ਘਰਾਂ ਦੇ ਮੁੰਡਿਆਂ ਵਿਚੋਂ ਕੇਵਲ ਦੋ ਹੀ ਪੜ੍ਹਾਈ ਕਰ ਸਕੇ, ਬਾਕੀ ਆਪਣੇ ਆਪਣੇ ਜੱਦੀ-ਪੁਸ਼ਤੀ ਕਿੱਤਿਆਂ ਅੰਦਰ ਸਫਲ ਹੋਏ। ਉਹਨਾਂ ਦਾ ਇਸ਼ਾਰਾ ਲਾਜ਼ਮੀ ਵਿਦਿਆ ਅਧੀਨ ਦਰਸਾਏ ਜਾਂਦੇ ਅੰਕੜਿਆਂ ਵਲ ਸੀ। ਸਿੰਗਲ ਟੀਚਰ ਸਕੂਲਾਂ ਦੀ ਹੋਂਦ, ਮਰਦਾਂ-ਇਸਤ੍ਰੀਆਂ ਦਾ ਇਕਠਾ ਸਟਾਫ, ਸੰਸਕ੍ਰਿਤ ਵਰਗੇ ਬੇਲੋੜੇ ਵਿਸ਼ੇ, ਨਕਲ ਦੀ ਵਧਦੀ ਪਰਵਿਰਤੀ, ਇਸ ਖੇਤਰ ਅੰਦਰ ਵਧਦੀ ਰਾਜਨੀਤਕ ਦਖਲ ਅੰਦਾਜ਼ੀ ਅਤੇ ਆਰਥਿਕ ਪਖੋਂ ਨਿਘਰਦੇ ਦੇਸ਼ ਦਾ ਵਿਦਿਆ ਖੇਤਰ ਤੇ ਪੈਂਦਾ ਪ੍ਰਭਾਵ ਆਦਿ ਕੁਝ ਕਾਰਨ ਹਨ, ਜਿਨ੍ਹਾਂ ਸਦਕਾ ਸਾਡੇ ਦੇਸ ਅੰਦਰ ਵਿਦਿਆ ਦਾ ਪੱਧਰ ਦਿਨ ਪ੍ਰਤੀ ਦਿਨ ਨਿੱਘਰਦਾ ਜਾ ਰਿਹਾ ਹੈ।

[ ਲਾਲ ਸਿੰਘ

o

## 3. ਵਿਦਿਆ ਸਿਸਟਮ

ਨਰਿੰਦਰ ਸ਼ਰਮਾ ਦੇ ਜਨਵਰੀ 82 'ਸਮਤਾ' ਵਿਚ ਦਿਤੇ ਵਿਚਾਰ ਦੇ ਬਾਰੇ "ਸਭ ਕੁਝ ਗਲਤ ਸਿਸਟਮ ਦੀ ਦੇਣ" ਅਤੇ "ਅਧਿਆਪਕ ਵੀ ਭਰਿਸ਼ਟ ਸਮਾਜ ਦੇ ਅੰਗ" ਅਜਿਹੇ ਗਲਤ ਨਾਅਰੇ ਅਧਿਆਪਕ ਵਰਗ ਵਿਚ ਵੀ ਪਰਚਾਰੇ ਜਾ ਰਹੇ ਹਨ ਜਿਨ੍ਹਾਂ ਨੇ ਸਕੂਲਾਂ ਵਿਚ ਭ੍ਰਿਸ਼ਟ ਅਧਿਆਪਕਾਂ-ਅਧਿਕਾਰੀ ਨੂੰ ਭਰਿਸ਼ਟਾਚਾਰ ਫੈਲਾਉਣ ਵਿਚ ਹੋਰ ਕਾਫੀ ਮਦਦ ਦਿਤੀ ਹੈ। ਸਕੂਲੀ ਸਿਖਿਆ ਵਿਚ ਆਈਆਂ ਸਾਰੀਆਂ ਗਿਰਾਵਟਾਂ, ਘਾਟਾਂ ਤੇ ਸਮਸਿਆਵਾਂ ਦਾ ਅਧਿਆਪਕ ਵਰਗ ਆਪਣੇ ਵਲੋਂ ਬਣਦਾ ਕੋਈ ਜਵਾਬ ਨਹੀਂ ਦੇ ਸਕਿਆ। ਸਿੱਟਾ ਇਹ ਨਿਕਲਿਆ ਹੈ ਕਿ ਇਸ ਖੇਤਰ ਨਾਲ ਸਬੰਧਤ ਬਾਕੀ ਧਿਰਾਂ ਨੇ ਆਪਣੀਆਂ ਜ਼ੁੰਮੇਵਾਰੀਆਂ ਵੀ ਅਧਿਆਪਕ ਵਰਗ ਦੇ ਨਾਂ ਨਾਲ ਜੋੜ ਦਿਤੀਆਂ ਹਨ। ਉਦਾਹਰਨ ਵਜੋਂ ਨਕਲ ਦੀ ਪ੍ਰਥਾ ਪਿਛਲੇ 20 ਸਾਲਾਂ ਤੋਂ ਪ੍ਰਚਲਤ ਹੈ ਜਿਸ ਦਾ ਪਛੋਕੜ ਘਟ ਨਤੀਜਿਆਂ ਲਈ ਸਜ਼ਾ ਦਾ ਨਿਸਚਿਤ ਹੋਣਾ ਸੀ। ਇਸ ਲਈ ਕਈ ਕਾਰਨ ਜ਼ੁਮੇਂਵਾਰ ਹਨ ਪਰ ਅਸੀਂ ਇਸ ਦਾ ਸਪਸ਼ਟੀਕਰਨ ਅਜ ਤਕ ਨਹੀਂ ਦੇ ਸਕੇ ਅਤੇ ਸਾਰੇ ਹੀ ਸਬੰਧਤ, ਮਸਲੇ ਤੇ ਘਾਟਾਂ ਨਜਾਇਜ਼ ਅਤੇ ਅਸਿਧੇ ਢੰਗ ਨਾਲ ਨਿਜੱਠਣ ਤੇ ਤੁਲੇ ਹੋਏ ਹਾਂ ਅਤੇ ਇਹ ਢੰਗ ਇਸ ਗੱਲ ਦਾ ਸੂਚਕ ਹੈ ਕਿ ਸਾਡੇ ਵਿਚ ਕੁਝ ਘਾਟਾਂ ਹਨ ਜਿਨ੍ਹਾਂ ਤੋਂ ਡਰਦੇ ਅਸੀਂ ਗਲਤ ਢੰਗਾਂ ਨਾਲ ਹੀ ਗਲਤ ਕੰਮ ਚਲਾਉਣਾ ਹੀ ਯੋਗ ਸਮਝਦੇ ਹਾਂ ਕਿਉਂਕਿ ਸਚੀ ਗਲ ਕਹਿਣ ਦੀ ਸਾਡੇ ਵਿਚ ਦਲੇਰੀ ਨਹੀਂ।

ਬੜੇ ਦੁਖ ਦੀ ਗੱਲ ਹੈ ਕਿ ਪਿਛਲੇ ਵੀਹਾਂ ਸਾਲਾਂ ਤੋਂ "ਅਗਾਂਹ ਵਧੂ ਅਧਿਆਪਕ" ਜਥੇਬੰਦੀ ਤੇ ਕਾਬਜ਼ ਹਨ ਪਰ ਇਹਨਾਂ ਸਮਿਆਂ ਵਿਚ ਸਕੂਲੀ ਭਰਿਸ਼ਟਾਚਾਰ ਵਧਿਆ ਹੈ ਅਤੇ ਮਿਹਨਤੀ ਤੇ ਜ਼ੁਮੇਂਵਾਰ ਅਧਿਆਪਕ ਦਿਨ ਦਿਨ ਸੁੰਗੜਦਾ ਗਿਆ ਹੈ ਅਤੇ ਇਹ ਸਾਰਾ ਕੁਝ ਇਹਨਾਂ ਵਲੋਂ ਦਿਤੇ ਉਪਰੋਕਤ ਨਾਅਰਿਆਂ ਦੀ ਬਦੌਲਤ ਅਤੇ ਪਾਲਸੀ ਅਧੀਨ ਹੋਇਆ ਹੈ। ਅੱਜ ਬਿਆਨ ਬਾਜ਼ੀ ਦੀ ਥਾਂ ਇਹਨਾਂ ਮਸਲਿਆਂ ਪ੍ਰਤੀ ਜਮਹੂਰੀ

'ਤੇ ਜ਼ੁੰਮੇਵਾਰੀ ਵਾਲੀ ਪਹੁੰਚ ਅਪਨਾਉਣ ਦੀ ਲੋੜ ਹੈ ਸਿਖਿਆ ਦੇ ਕਾਰਜ ਖੇਤਰ ਵਿਚ ਅਧਿਆਪਕ ਹੀ ਬੱਚੇ ਦਾ ਅਧਿਆਪਕ ਅਤੇ ਪਾਲਕ ਹੈ। ਉਹਦੇ ਦੁਖ, ਸੁਖ ਤੇ ਸਰੀਰਕ ਮਾਨਸਿਕ ਉਤਾਰ ਚੜਾਵਾਂ ਨੂੰ ਸਮਝਣ; ਮਹਿਸੂਸਣ ਅਤੇ ਉਹਨਾਂ ਨੂੰ ਸਮਜ ਤੇ ਸਰਕਾਰ ਤਕ ਪਹੁੰਚਾਣ ਦੀ ਜ਼ੁੰਮੇਵਾਰੀ ਵੀ ਅਧਿਆਪਕ ਦੀ ਹੈ। ਅਜੇ ਤਕ ਇਹਨਾਂ ਜ਼ੁੰਮੇਵਾਰੀਆਂ ਨੂੰ ਅਧਿਆਪਕ ਆਗੂਆਂ ਨੇ ਅਣਗੌਲਿਆ ਕਰ ਛਡਿਆ ਹੈ। ਸਿੱਟਾ ਵੀ ਸਾਹਮਣੇ ਹੈ ਕਿ ਅਜ ਸਿਖਿਆ ਵਿਚ ਆਈ ਗਰਾਵਟ ਦੀ ਸਾਰੀ ਜ਼ੁੰਮੇਵਾਰੀ ਉਸ ਸਿਰ ਮੜ੍ਹੀ ਜਾ ਰਹੀ ਹੈ।

ਇਸ ਸੂਰਤ ਵਿਚ ਜੇ ਅਧਿਆਪਕ ਜਥੇਬੰਦੀ ਇਹਨਾਂ ਸਮਸਿਆਵਾਂ ਵਲ ਸਹੀ ਪਹੁੰਚ ਨਹੀਂ ਅਪਣਾਉਂਦੀ ਤਾਂ ਸੁਹਿਰਦ ਅਧਿਆਪਕਾਂ ਦਾ ਫਰਜ਼ ਹੈ ਕਿ ਉਹ ਅਗੇ ਆਉਣ ਅਤੇ ਆਪਣਾ ਅਤੇ ਆਪਣੇ ਬੱਚਿਆਂ ਲਈ ਹੀ 'ਘੱਟੋ ਘਟ' ਕੁਝ ਸੋਚਣ ਤੇ ਕਰਨ ਲਈ ਮਜਬੂਰ ਹੋਣ। ਹੀਰਾ ਸਿੰਘ — ਸੂਰ ਸਿੰਘ

o

## ੪. ਧਰਮ ਵਲੈਤੀ, ਸਿਆਸਤ ਦੇਸੀ

ਇਹ ਕੁਦਰਤੀ ਗੱਲ ਹੈ ਕਿ ਇਨਸਾਨ ਜਿਥੇ ਕਿਤੇ ਵੀ ਜਾਂਦਾ ਹੈ, ਆਪਣੇ ਨਾਲ ਆਪਣੀਆਂ ਖਾਣ-ਪੀਣ ਦੀਆਂ ਆਦਤਾਂ, ਕਪੜੇ ਪਹਿਨਣ ਦਾ ਢੰਗ, ਰੀਤੀ ਰਿਵਾਜ਼ ਅਤੇ ਧਾਰਮਿਕ, ਸਿਆਸੀ ਖਿਆਲ ਵੀ ਨਾਲ ਲੈ ਕੇ ਜਾਂਦਾ ਹੈ। ਇਹੋ ਜੇਹੀਆਂ ਗੱਲਾਂ ਦਾ "ਸਮੂਹਿਕ ਰੂਪ" ਅਖਤਿਆਰ ਕਰਨਾ ਵੀ ਗੈਰ ਕੁਦਰਤੀ ਨਹੀਂ। ਇਸੇ ਕਰਕੇ ਇਕੋ ਜੇਹੇ ਧਾਰਮਿਕ ਤੇ ਸਿਆਸੀ ਖਿਆਲਾਂ ਦੇ ਇਨਸਾਨ, ਦੇਸ ਵਿਚ ਅਤੇ ਦੇਸੋਂ ਬਾਹਰ ਜਾ ਕੇ ਵੀ ਆਪਣੇ ਆਪਣੇ ਦਾਇਰੇ ਕਾਇਮ ਕਰ ਲੈਂਦੇ ਹਨ। ਧਾਰਮਿਕ ਬਹਿਸ ਨੂੰ ਛੱਡ ਕੇ ਜੇਕਰ ਸਿਆਸੀ-ਪੱਖ ਵਲ ਆਈਏ ਤਾਂ ਸਾਫ ਜ਼ਾਹਿਰ ਹੁੰਦਾ ਹੈ ਕਿ ਇਹਦਾ ਸਾਡੀ ਜ਼ਿੰਦਗੀ ਤੇ ਬੜਾ ਅਸਰ ਪੈਂਦਾ ਹੈ। ਬੇਸ਼ਕ ਅਸੀਂ ਬਰਤਾਨੀਆਂ ਆ ਗਏ ਹਾਂ, ਫਿਰ ਵੀ ਦੇਸੀ ਸਿਆਸਤ ਦਾ ਸਾਡੇ ਤੇ ਸਿੱਧੇ ਅਤੇ ਅਸਿੱਧੇ ਢੰਗ ਨਾਲ ਅਸਰ ਬਣਿਆ ਰਹਿੰਦਾ ਹੈ।

ਅਸੀਂ ਆਪਣੀ ਜਨਮ-ਭੂਮੀ ਤੋਂ ਇਲਾਵਾ, ਲੋਕਾਂ, ਯਾਰਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਆਦਿ ਨਾਲ ਬੱਝੇ ਹੋਏ ਹਾਂ। ਇਸ "ਬੰਨ੍ਹਣ" ਕਰਕੇ ਭਾਰਤ ਵਲ ਗੇੜਾ ਵੀ ਲਗਦਾ ਰਹਿੰਦਾ ਹੈ। ਅਵਾਸੀ ਲੋਕਾਂ ਦੀਆਂ ਸਮਸਿਆਵਾਂ ਭਾਵੇਂ ਦੇਸੀ ਲੋਕਾਂ ਨਾਲੋਂ ਵੱਖਰੀਆਂ ਹਨ, ਪਰ ਬਗਾਨਿਆਂ ਮੁਲਕਾਂ 'ਚ ਰਹਿੰਦਿਆਂ ਵੀ ਦੇਸੀ ਸਿਆਸਤ ਦਾ ਸਾਡੀਆਂ ਮੁਸ਼ਕਲਾਂ ਨਾਲ ਸਬੰਧ ਜੁੜਿਆ ਰਹਿੰਦਾ ਹੈ। ਆਪਣੇ ਹੱਕ ਮੰਗਣ ਕਰਕੇ ਬਰਤਾਨੀਆਂ ਸਰਕਾਰ ਨਾਲ ਅਤੇ ਹਿੰਦੁਸਤਾਨ ਜਾਣ ਵੇਲੇ ਆ ਰਹੀਆਂ ਮੁਸ਼ਕਲਾਂ ਨੂੰ ਸੁਲਝਾਉਣ ਕਰਕੇ ਹਿੰਦੁਸਤਾਨੀ ਸਰਕਾਰ ਨਾਲ।

ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਹਿੰਦੁਸਤਾਨੀ ਸਿਆਸਤਦਾਨ ਅਤੇ ਵਲੈਤ ਦੀਆਂ ਵੱਖ ਵੱਖ ਪਾਰਟੀਆਂ ਨਾਲ ਸਬੰਧਤ ਸਿਆਸੀ ਲੋਕ ਸਾਡੇ ਮਾਮਲਿਆਂ ਨੂੰ ਹੱਲ ਕਰਨ 'ਚ ਮਦਦਗਾਰ ਹਨ ਵੀ ਜਾਂ ਨਹੀਂ ? ਮੈਨੂੰ ਜਾਤੀ ਤੌਰ ਤੇ ਕਿਸੇ ਵੀ ਪਾਰਟੀ ਨਾਲ ਕੋਈ ਗਿਲਾ ਨਹੀਂ, ਜੇਕਰ ਉਹ ਪ੍ਰਵਾਸੀਆਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਵਿਚ ਮਦਦ ਕਰਦੀ ਹੈ। ਪਰ ਜੇਕਰ ਬਰਤਾਨੀਆਂ 'ਚ ਸਿਆਸੀ ਲੋਕਾਂ ਸਿਰਫ ਆਪਣੇ "ਖੁਦਗਰਜ਼ੀਪੁਣੇ" ਨੂੰ ਸਾਹਮਣੇ ਰੱਖ ਕੇ ਹੀ ਕਾਂਗਰਸ, ਅਕਾਲੀ, ਜਨਤਾ ਅਤੇ ਕੌਮਨਿਸਟ ਪਾਰਟੀਆਂ ਬਣਵਾਈਆਂ ਹਨ ਤਾਂ ਮੈਨੂੰ ਇਹਨਾਂ ਦੀ ਇਕੋ ਕੋਈ ਜ਼ਰੂਰਤ ਨਹੀਂ ਭਾਸਦੀ। ਫਿਰ ਤਾਂ ਹਰ ਇਕ ਪਾਰਟੀ ਨੂੰ ਆਪਣੀ ਪਾਰਟੀ ਦੇ ਮੂਹਰੇ "ਸੁਆਰਥ" ਸ਼ਬਦ ਜੋੜ ਲੈਣਾ ਚਾਹੀਦਾ ਹੈ।

"ਦੇਸੀ-ਵਲੈਤੀ ਸਿਆਸਤ" ਵਿਚ ਵੀ ਹਿੰਦੁਸਤਾਨੀ ਸਿਆਸਤ ਵਾਂਗ "ਫੁੱਟ" ਝਲਕਾਰੇ ਮਾਰ ਰਹੀ ਹੈ। ਤੇ ਕੁਝ ਪਾਰਟੀਆਂ ਇਸੇ ਕਰਕੇ ਇਕ ਦੂਜੇ ਤੋਂ ਵਧ ਚੜ੍ਹ ਕੇ ਜਲਸੇ ਅਤੇ ਸਮਾਗਮ ਆਦਿ ਕਰਵਾ ਰਹੀਆਂ ਹਨ ਕਿ "ਅਸੀਂ ਕੇਹੜੇ ਨਾਲੋਂ ਘੱਟ ਆਂ।" ਜਦੋਂ ਕਿ ਉਹੀ ਰਕਮ ਸਾਂਝੇ ਤੌਰ ਤੇ ਸਾਰੇ ਪ੍ਰਵਾਸੀਆਂ ਦੀਆਂ ਸਾਂਝੀਆਂ ਸਮਸਿਆਵਾਂ ਸੁਲਝਾਉਣ ਤੇ ਵਰਤੀ ਜਾ ਸਕਦੀ ਹੈ। ਜੇਕਰ ਸਿਆਸਤ ਸਿਰਫ "ਬੱਲੇ ਬੱਲੇ" ਅਤੇ "ਸਿਰਫ ਅਸੀਂ ਤੇ ਅਸੀਂ ਹੀ ਠੀਕ ਹਾਂ" ਉਤੇ ਅਧਾਰਤ ਹੈ ਅਤੇ ਪੇਸ਼ ਆ ਰਹੀਆਂ ਸਮੱਸਿਆਵਾਂ ਵਲ ਕੋਈ ਝੁਕਾਅ ਨਹੀਂ ਤਾਂ ਏਹੋ ਜੇਹੀ ਸਿਆਸਤ ਖੁਣੋਂ ਕੀ ਕਿਸੇ ਦਾ ਗੱਡਾ ਖੜੈ ? ਇੰਡੀਆ ਵਿਚ "ਦਿਖਾਵਾ" ਥੋਹੜਾ ਹੈ ਰਿਹੈ। ਜੇਹਦੀ ਅਜੇ ਕਸਰ ਪੂਰੀ ਕਰਨੀ ਬਾਕੀ ਰਹਿੰਦੀ ਹੈ।

ਬਲੈਤ 'ਚ ਦੇਸੀ ਪਾਰਟੀਆਂ ਨਾਲ ਸਬੰਧਤ ਲੋਕਾਂ ਨੂੰ ਇਹ ਵੀ ਚਾਹੀਦਾ ਹੈ ਕਿ ਉਹ ਆਪਣੀਆਂ ਆਪਣੀਆਂ ਪਾਰਟੀਆਂ ਵਿਚ ਚਲ ਰਹੇ ਮਸੌਦਿਆਂ ਵਿਚ ਆਪਣੀ ਰਾਏ ਵੀ ਦੱਸਣ। ਨਾ ਕਿ ਜੋ ਹਿੰਦੁਸਤਾਨੀ ਸਿਆਸਤਦਾਨਾਂ ਨੇ ਕਿਸੇ ਗਲ ਬਾਰੇ ਕੋਈ ਫ਼ੈਸਲਾ ਕਰ ਲਿਆ, ਪਾਲਿਸੀ ਬਣਾ ਲਈ ਕਿ ਉਹਨੂੰ "ਰੱਬੀ ਹੁਕਮ" ਕਹਿ ਕੇ ਡਗੇ ਤੇ ਚੋਟ ਲਾ ਦਿਤੀ। ਤੇ ਇਥੇ ਬੈਠੇ ਸਿਆਸਤਦਾਨਾਂ ਬਿਨਾਂ ਚੂੰ ਚਾਂ ਕੀਤਿਆਂ, "ਸੱਤ ਬਚਨ" ਕਹਿਕੇ ਗਲ ਮੰਨ ਲਈ। ਏਹੋ ਜੇਹੀ ਸਿਆਸਤ ਦੀ ਭਲਾ ਕੀ ਲੋੜ ਹੈ ?

ਇਹ ਤਾਂ ਮੈਂ ਮੰਨਦਾ ਹਾਂ ਕਿ ਇਨਸਾਨੀ ਸੁਭਾਅ ਦੀ ਇਕ ਕਮਜ਼ੋਰੀ ਇਹ ਵੀ ਹੈ ਕਿ, "ਅਸੀਂ ਗੁਲਾਮ ਬਣਨਾਂ ਚਾਹੁੰਦੇ ਹਾਂ।" ਇਸ ਗੱਲ ਦੀ ਪ੍ਰੋੜਤੀ

ਲਿਖਾਰੀ ਹੈਰੀ ਐਮਰਸਨ ਫੋਸਡਿਕ ਨੇ ਆਪਣੀ ਕਿਤਾਬ "ਔਨ ਬੀਇੰਗ ਏ ਰੀਅਲ ਪਰਸਨ (On Being a Real Prseon) 'ਚ ਵੀ ਕੀਤੀ ਹੈ। ਤੇ ਜੇਕਰ ਬਾਰੀਕੀ ਨਾਲ ਦੇਖੀਏ ਤਾਂ ਇਹ ਗੁਲਾਮੀ ਵਾਲਾ ਨੁਕਤਾ ਸਾਨੂੰ ਸਿਆਸੀ ਅਤੇ ਧਾਰਮਿਕ ਪਨਾਹ ਲੈਣ 'ਚ ਸਾਫ ਨਜ਼ਰ ਵੀ ਆ ਜਾਵੇਗਾ। ਮੇਰਾ ਮਤਬਲ ਸਿਰਫ ਇਹ ਹੈ ਕਿ ਜੇਕਰ ਅਸੀਂ ਕਿਸੇ ਚੀਜ਼ ਨਾਲ ਜੁੜੇ ਹੋਏ ਹਾਂ ਤਾਂ "ਆਪਣਾ ਆਪ" ਜ਼ਰੂਰ ਪ੍ਰਗਟਾਈਏ, ਨਾਂ ਕਿ ਹਿੰਦੁਸਤਾਨੀ ਸਿਆਸਤਦਾਨ ਆਪਣੇ ਫਾਇਦੇ ਲਈ ਸਾਨੂੰ ਧਨ ਦੀਆਂ ਤਜੌਰੀਆਂ ਸਮਝ ਕੇ ਸੂਤ ਲਾਈ ਜਾਣ। ਤੇ ਅਸੀਂ ਆਪਣੇ ਫਾਇਦੇ ਲਈ ਇੰਡੀਆ ਜਾ ਕੇ ਟੁੱਲ ਲਾ ਆਉਂਦੇ ਰਹੀਏ।

ਭਾਰਤ ਤੋਂ ਵੱਖ ਵੱਖ ਪਾਰਟੀਆਂ ਨਾਲ ਸਬੰਧਤ ਲੀਡਰ ਇਥੇ ਚੱਕਰ ਬੰਨ੍ਹੀ ਫਿਰਦੇ ਹਨ। ਮਸਲਾ ਤਾਂ ਉਹਨਾਂ ਲੀਡਰਾਂ ਕੋਲੋਂ ਕੋਈ ਠੋਸ ਬਚਨ ਲੈਣ ਦਾ ਹੈ ਕਿ ਜਦੋਂ ਅਸੀਂ ਪਾਲਮ, ਅੰਮ੍ਰਿਤਸਰ ਅਤੇ ਹੀਥਰੋ ਏਅਰਪੋਰਟ ਤੇ ਆਉਂਦੇ ਜਾਂਦੇ ਹਾਂ। ਸਾਨੂੰ ਆ ਰਹੀਆਂ ਮੁਸ਼ਕਲਾਂ ਨੂੰ ਸੁਖਾਲਿਆਂ ਕਰਨ, ਹਿੰਦੁਸਤਾਨੀ ਅਤੇ ਬਰਤਾਨਵੀ ਸਰਕਾਰ 'ਤੇ ਜ਼ੋਰ ਪਾਇਆ ਜਾਵੇ। ਨਾ ਕਿ ਆਪਣੇ ਲੀਡਰਾਂ ਦੇ ਗਲ ਫੁੱਲਾਂ ਨਾਲ ਭਰ ਦੇਈਏ। ਪਿਛੇ ਪਿਛੇ ਪੂਛ ਹਿਲਾਉਂਦੇ ਫਿਰੀਏ, ਚਾਹ ਅਤੇ ਸ਼ਰਾਬ ਪਾਰਟੀਆਂ 'ਚ ਮਸਰੂਫ ਰਹੀਏ, ਨਾਲ ਖੜੇ ਹੋ ਹੋ ਤਸਵੀਰਾਂ ਖਿਚਵਾ ਅਤੇ ਸਿਰਫ ਆਪਣੇ ਕਾਨੂੰਨਣ ਅਤੇ ਗੈਰਕਾਨੂੰਨਣ ਕੰਮਾਂ ਦਾ ਵਾਇਦਾ ਲੈ ਕੇ, ਗੁਰਦਵਾਰਿਆਂ, ਮੰਦਰਾਂ ਆਦਿ ਵਿਚ ਲੈਕਚਰ ਕਰਵਾ ਕੇ ਅਗਾਂਹ ਤੁਰਦੇ ਕਰੀਏ। ਤੇ ਜਦ ਹਿੰਦੁਸਤਾਨ ਜਾਈਏ, ਆਪਣੇ ਲਈ ਕਈ ਤਰ੍ਹਾਂ ਦੀ ਬਲੈਕ ਅਤੇ ਹੇਰਾ ਫੇਰਾਂ ਬੜੀ ਆਸਾਨੀ ਨਾਲ, ਲੀਡਰ ਸਾਹਿਬ ਦੀ ਛਤਰ-ਛਾਇਆ ਹੇਠ ਕਰ ਸਕੀਏ। ਏਹੋ ਜੇਹੀ ਸਿਆਸਤ ਤੇ ਏਹੋ ਜੇਹੇ ਸਿਆਸੀ ਲੋਕਾਂ ਨਾਲ ਮੈਨੂੰ ਸਖਤ ਨਫਰਤ ਹੈ। ਤੇ ਇਹੋ ਜੇਹੀ ਦੇਸੀ ਸਿਆਸਤ ਦੀ ਮੈਂ ਵਲੈਤ 'ਚ ਕੋਈ ਲੋੜ ਨਹੀਂ ਸਮਝਦਾ।

ਪਤਾ ਲੱਗਾ ਹੈ ਕਿ, "ਇਮੀਗਰੇਸ਼ਨ ਬਾਰੇ ਮੁਫਤ ਸਲਾਹ" ਦਾ ਦਫਤਰ ਹੀਥਰੋ ਏਅਰ ਪੋਰਟ ਤੇ ਚੌਵੀ ਘੰਟੇ ਖੁਲ੍ਹਾ ਰਹਿੰਦਾ ਹੈ! ਤੇ ਇਸ ਦਫਤਰ ਦੇ ਅਮਲੇ ਨੇ ਇੰਡੀਆ ਵਿਚ ਇਹੋ ਜੇਹਾ ਇਕ ਦਫਤਰ ਖੋਹਲਣ ਬਾਰੇ ਇਜਾਜ਼ਤ ਮੰਗੀ ਤਾਂ ਇੰਡੀਆ ਸਰਕਾਰ ਨੇ ਸਾਫ ਠੁੱਠ ਦਿਖਾ ਦਿਤੇ। ਵਲੈਤ ਵਿਚ ਬੈਠੇ ਸਿਆਸੀ ਅਦਾਰੇ ਕਿਉਂ ਖੁੰਡੇ ਹਨ? ਕੀ ਉਹਨਾਂ ਪੁਛਿਆ ਹੈ ਕਿ ਦਫਤਰ ਖੋਹਲਣ ਨਾਲ ਹਿੰਦੁਸਤਾਨ ਸਰਕਾਰ ਦੇ ਕੀ ਦਰਦ ਪੈ ਚਲੀ ਸੀ?

ਸਿਆਸੀ-ਪਾਰਟੀਆਂ ਨਾਲ ਸਬੰਧਤ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਵਲੈਤੀ ਅਤੇ ਹਿੰਦੁਸਤਾਨੀ ਸਰਕਾਰ ਤੋਂ ਆਪਣੇ ਹੱਕ ਮੰਗਣ, ਲਈ ਜ਼ਰੂਰ ਇਕੱਠਾ ਹੱਲਾ ਬੋਲਣ। ਆਪਣੇ ਆਪਣੇ ਲੀਡਰਾਂ ਦੀ ਤਰਫਦਾਰੀ ਦੇ ਨਾਲ ਨਾਲ ਨਿੱਜੀ ਮਸਲਿਆਂ ਤਕ ਹੀ ਕਿਉਂ ਰਖੀ ਜਾਵੇ, ਸਗੋਂ ਸਮੁੱਚੇ ਆਵਾਸੀਆਂ ਦੀਆਂ ਉਲਝਣਾਂ ਵਲ ਧਿਆਨ ਦਿਤਾ ਜਾਵੇ। ਤੇ ਇਹਦੇ ਵਿਚ ਭਾਵੇਂ ਕੋਈ ਸ਼ੱਕ ਨਹੀਂ ਹੈ ਕਿ ਵਲੈਤ ਵਿਚ ਬਹੁਤ ਸਾਰੇ ਲੋਕ ਤਾਂ ਇਸ ਕਰਕੇ ਵੀ ਸਿਆਸੀ ਬਣ ਗਏ ਹਨ ਕਿ, "ਜਿਹਦੀ ਕੋਠੀ ਦਾਣੇ ਉਹਦੇ ਕਮਲੇ ਵੀ ਸਿਆਣੇ"। ਤੇ ਉਹਨਾਂ ਨੂੰ ਸਿਆਸਤ ਦਾ ਇੱਲ ਦਾ ਨਾਮ ਕੋਕੋ ਤਕ ਨਹੀਂ ਜੇ ਆਉਂਦੇ। ਪਰ ਭੇਡ ਚਾਲ ਨਾਲ ਪਾਰਟੀ ਦੀ ਨਫਰੀ ਵਧਾਉਣ 'ਚ ਜ਼ਰੂਰ ਚੋਖਾ ਵਾਧਾ ਕਰਦੇ ਹਨ।

ਹਰੀਸ਼ ਮਲਹੋਤਰਾ ਬ੍ਰਮਿੰਘਮ

o

## ਸਮਤਾ ਬਾਰੇ

'ਸਮਤਾ' ਦਾ ਜਨਵਰੀ ਅੰਕ ਮਿਲ ਗਿਆ ਹੈ। ਪੜ੍ਹਿਆ ਹੈ ਪ੍ਰਤੀ ਕ੍ਰਮ ਕੁਝ ਇਸ ਤਰ੍ਹਾਂ ਹੈ। "ਐਨਕਾਂ"; "ਆਵਾਜ਼" ਬਹੁਤ ਬੇਹਤਰੀਨ ਕਹਾਣੀਆਂ ਹਨ। ਅਨੁ-ਵਾਦਕਾਂ ਨੂੰ ਵਧਾਈ ਦੇਂਦਾ ਹਾਂ। ਪਰ ਰਘਬੀਰ ਸਿੰਘ ਦੀ ਕਹਾਣੀ 'ਪੱਕਰ' ਇਕ ਘਟਨਾ ਦੀ ਮਹਿਜ਼ ਸਪਾਟ ਬਿਆਨੀ ਹੈ। ਤੁਸੀਂ ਗੁਰਬਖਸ਼ ਸਿੰਘ ਦੀ ਕਹਾਣੀ ਨੂੰ ਕਮਾਲ ਦਾ ਨਾਟਕੀ-ਰੂਪ ਦਿਤਾ ਹੈ ਮੈਂ ਇਸ ਦਾ ਹਿੰਦੀ ਅਨੁਵਾਦ ਕਰਨਾ ਚਾਹੁੰਦਾ ਹਾਂ ਤੁਹਾਡੀ ਸਵੀਕ੍ਰਿਤੀ ਦੀ ਉਡੀਕ ਰਹੇਗੀ।

ਕਵਿਤਾਵਾਂ 'ਚ 'ਅਰਬ' ਅਤੇ 'ਦੁੱਲਾ ਪਿੰਡੀਓਂ ਤੁਰ ਪਿਆ' ਬਹੁਤ ਚੰਗੀਆਂ ਲਗੀਆਂ। ਬਦੇਸ਼ੀ ਸਲੇਬਸ ਦੇਸੀ ਸਰਕਾਰ ਪੈਦਾ ਕਰੇ ਬੇਰੁਜ਼ਗਾਰ' ਦੇ ਕਿਆ ਕਹਿਣੇ। ਮੈਨੂੰ ਉਹਨਾਂ ਦੇ ਦੂਜੇ ਲੇਖਾਂ ਦੀ ਬੇਸਬਰੀ ਨਾਲ ਉਡੀਕ ਰਹੇਗੀ।

ਪਾਠਕ, ਲੇਖਕ, ਫੋਰਮ ਵਿਚ ਛੱਪੀਆਂ ਦੋ ਲੰਮੀਆਂ ਚਿੱਠੀਆਂ ਵਿਚ "ਮੰਤਰੀ ਰੁੱਝੇ ਹੋਏ ਹਨ" ਨਾਟਕ ਦੀ ਤਾਰੀਫ ਕੀਤੀ ਗਈ ਹੈ ਪਰ ਮੈਂ ਇਸ ਨਾਟਕ ਨੂੰ ਇਨਕਲਾਬ ਵਿਰੋਧੀ ਸਮਝਦਾ ਹਾਂ। ਮੇਰੇ ਅਨੁਸਾਰ ਇਸ ਦਾ ਨਾਂ "ਭਾਰਤ ਦੇ ਸਾਰੇ ਕਮਿਊਨਿਸਟ ਲੋਕਾਂ ਨੂੰ ਧੋਖਾ ਦੇਣ ਵਿਚ ਰੁੱਝੇ ਹੋਏ ਹਨ" ਹੋਣਾ ਚਾਹੀਦਾ ਸੀ।

ਨਾਟਕ ਦੇ ਸ਼ੁਰੂ 'ਚ ਹੀ ਇੰਜ ਲਗਦਾ ਹੈ ਜਿਵੇਂ ਅਸੀਂ ਗੁਲਸ਼ਨ ਨੰਦੇ ਦੇ ਕਿਸੇ ਨਾਵਲ ਦਾ ਹਿੱਸਾ ਪੜ੍ਹ ਰਹੇ ਹਾਂ। ਅਸਿਸਟੈਂਟ ਦੀ ਗਰੀਬਾਂ ਪ੍ਰਤਿ ਹਮਦਰਦੀ ਬੜੀ ਸਤਹੀ ਕਿਸਮ ਦੀ ਹੈ ਉਸ ਦੇ ਅਨੁਸਾਰ ਹੀ ਇਹੋ ਜਿਹਾ ਮੌਸਮ ਯਾਂ ਕਿ "ਇਕੋ ਮੌਸਮ" 20 ਸਾਲ ਤੋਂ ਉਹ ਵੇਖਦਾ ਤੇ ਭੋਗਦਾ ਆ ਰਿਹਾ ਹੈ ਪਰ ਉਸ ਦਾ ਅਮਲ ਅਜੇ ਵੀ ਭਾਸ਼ਣ ਝਾੜਣ ਤੱਕ ਹੀ ਸੀਮਿਤ ਹੈ। ਦੂਜੇ ਪਾਸੇ ਸਟੈਨੋ ਸੋਹਣੇ ਮੌਸਮ ਨੂੰ ਮਾਣਨਾ ਚਾਹੁੰਦੀ ਹੈ। ਦਫਤਰਾਂ ਵਿਚ ਕੰਮ ਕਰਨ ਵਾਲੀਆਂ 95%

ਕੁੜੀਆਂ ਮਜ਼ਬੂਰੀ ਦੇ ਤਹਤ ਅਫਸਰਾਂ ਦੀ ਹਵਸ ਦਾ ਸ਼ਿਕਾਰ ਹੁੰਦੀਆਂ ਹਨ ਪਰ ਲਗਦੈ ਸਟੈਨੋ 5% ਵਿਚੋਂ ਹੈ ਜੋ ਸੋਹਣੇ ਮੌਸਮ ਨੂੰ ਖਾਲੀ ਨਹੀਂ ਜਾਣ ਦੇਣਾ ਚਾਹੁੰਦੀ !

ਅਗੇ ਚਲਕੇ ਜਿਥੇ ਇਹ ਨਾਟਕ ਵਿਵਸਥਾ ਦੇ ਬੋਧ ਨੂੰ ਜ਼ਾਹਰ ਕਰਦਾ ਹੈ, ਉਥੇ ਕਮਿਉਨਿਸਟ ਲਹਿਰ (ਸਮੁੱਚੀ) ਦੇ ਵਿਰੁਧ ਵਿਚ ਵੀ ਜਾ ਖੜਦਾ ਹੈ। ਲਾਲ ਕਮੀਜ਼ ਵਾਲਾ ਤੇ ਕੇਸਰੀ ਕਮੀਜ਼ ਵਾਲਾ ਦੋਵੇਂ ਨੌਜਵਾਨ ਇਨਕਲਾਬ ਦੇ ਨਾਂ ਤੇ ਬਜ਼ੁਰਗ ਨੂੰ ਕਿਤਾਬਾਂ ਵੇਚਦੇ ਹਨ ਅਰਥਾਤ ਵਿਵਸਥਾ ਦੇ ਦੂਜੇ ਕਲ-ਪੁਰਜ਼ਿਆਂ ਵਾਂਗ ਹੀ ਉਸ ਨੂੰ ਲੁੱਟਦੇ ਹਨ। ਕੀ ਅਮਲ ਵਿਚ ਏਹੀ ਹੋ ਰਿਹਾ ਹੈ ? ਕੀ ਸਮੁੱਚੀ ਕਮਿਉਨਿਸਟ ਲਹਿਰ ਦਾ ਏਹੀ ਇਕ ਚੰਗਾ ਪੱਖ ਸੀ, ਜਿਸ ਨੂੰ ਨਾਟਕ ਵਿਚ ਦਰਸਾਉਣਾ ਜ਼ਰੂਰੀ ਸੀ ਸ਼ਾਇਦ ਨਾਟਕਕਾਰ ਇਹ ਕਹਿ ਕੇ ਦੋਵੇਂ ਨੌਜਵਾਨ ਸੋਧਵਾਦੀ ਪਾਰਟੀਆਂ ਦੇ ਕਿਰਦਾਰ ਨੂੰ ਨੰਗਿਆਂ ਕਰਨ ਲਈ ਨਾਟਕ ਵਿਚ ਲਏ ਗਏ ਹਨ। ਪਰ ਪਾਠਕਾਂ ਤੇ ਦਰਸ਼ਕਾਂ ਦਾ ਬੌਧਿਕ ਸਤਰ ਅਜ ਏਨਾ ਉਚਾ ਨਹੀਂ ਨਾਲੇ ਇਹਨਾਂ ਨੌਜਵਾਨਾਂ ਵਲੋਂ ਬੋਲੇ ਗਏ ਸੰਵਾਦ ਕਈ ਸ਼ੰਕੇ ਖੜੇ ਕਰਦੇ ਹਨ। ਜੇ ਗੁਰਸ਼ਰਨ ਸਿੰਘ ਭਾਜੀ ਇਸ ਨਾਟਕ ਨੂੰ ਕਿਸੇ ਪਿੰਡ ਵਿਚ ਖੇਡਣ ਦੀ ਗਲਤੀ ਕਰਨ ਤਾਂ ਹੇਠ ਲਿਖਿਆ ਪ੍ਰਭਾਵ ਪੇਂਡੂ ਲੋਕਾਂ ਤੇ ਪਵੇਗਾ। "ਇਨਕਲਾਬ ਦੇ ਨਾਂ ਤੇ ਲੋਕਾਂ ਨੂੰ ਆਪਣੇ ਪਿਛੇ ਚਲਣ ਲਈ ਤੇ ਕਿਤਾਬਾਂ ਪੜ੍ਹਨ ਲਈ ਕਹਿਣ ਵਾਲੇ ਸਮੂਚੇ ਕਾਮਰੇਡ (ਸਣੇ ਇਨਕਲਾਬੀ ਕਾਮਰੇਡ) ਦੂਜੀਆਂ ਬੁਰਜੁਆ ਪਾਰਟੀਆਂ ਦੇ ਨੇਤਾਵਾਂ ਵਾਂਗ ਹਵਾ 'ਚ ਗੋਲੇ ਛਡਣ ਵਾਲੇ ਹੀ ਹਨ।

ਅੰਤ ਵਿਚ ਮੈਂ ਏਹੀ ਕਹਿਣਾ ਚਾਹੁੰਦਾ ਹਾਂ ਕਿ ਇਹ ਨਾਟਕ ਇਨਕਲਾਬ ਪੱਖੀ ਨਹੀਂ ਇਨਕਲਾਬ ਵਿਰੋਧੀ ਹੈ ਤੇ ਜੇ ਮੈਂ ਇਸ ਨੂੰ ਪ੍ਰੇਮ ਪ੍ਰਕਾਸ਼ ਦੇ ਨਾਵਲ 'ਦਸਤਾਵੇਜ" ਵਰਗਾ ਹੀ ਕਹਾਂ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। 'ਸਮਤਾ' ਵਿਚ ਇਸ ਦਾ ਛਪਣਾ ਦੁੱਖ ਦੀ ਗੱਲ ਹੈ। [ਬੱਲੀ ਸਿੰਘ ਚੀਮਾ

o

## 6. ਇਕ ਵਿਸ਼ਾਲ ਜਮਹੂਰੀ ਨੌਜਵਾਨ ਲਹਿਰ।

ਅੰਗਰੇਜ਼ਾਂ ਦੇ ਰਾਜ ਸਮੇਂ ਅਜਾਦੀ ਦੀ ਪਰਾਪਤੀ ਜਿਵੇਂ ਸਭ ਨੂੰ ਇਕ ਮੁਠ ਕਰਨ ਦਾ ਨਾਹਰਾ ਸੀ ਉਵੇਂ ਹੀ ਅੱਜ ਜਮਹੂਰੀ ਸਾਂਝੀਵਾਲਤਾ ਦਾ ਨਾਹਰਾ ਇਕ ਮੁੱਠ ਕਰਦਾ ਹੈ। ਹਰੇਕ ਸਾਂਝੀਵਾਲਤਾ ਦਾ ਵਾਸਤਾ ਪੌਂਦਾ ਹੈ।

ਅਜਿਹਾ ਵਕਤ ਆ ਚੁਕਾ ਹੈ ਜਦੋਂ ਨੌਜਵਾਨਾਂ ਨੂੰ ਅਪਣਾ ਰਾਹ ਆਪ ਚੁਣਨਾ ਪਵੇਗਾ ਤੇ ਆਪਣੇ ਦੇਸ਼ ਦੇ ਭਵਿਖ ਵਲ ਪੂਰੀ ਜਿਮੇਵਾਰੀ ਨਾਲ ਆਪਣੇ ਜ਼ੁਮੇ ਕੰਮ ਲੈਣੇ ਪੈਣਗੇ।

ਅਜ਼ਾਦੀ ਦੀ ਪਰਾਪਤੀ ਤੋਂ ਬਾਅਦ ਹੀ ਇਸ ਗਲ ਦੀ ਲੋੜ ਸੀ ਕਿ ਇਕ ਮੁਤਹਿੱਦਾ ਨੌਜਵਾਨ ਲਹਿਰ ਤੇ ਜਥੇਬੰਦੀ ਉਸਾਰੀ ਜਾਂਦੀ ਜੋ ਅੱਜ ਦੇ ਭਾਰਤ ਦੀਆਂ ਬਿੱਖੜੀਆਂ ਤੇ ਗੁੰਝਲਦਾਰ ਆਰਥਿਕ ਤੇ ਸਮਾਜਕ ਸਮੱਸਿਆਵਾਂ ਦੇ ਹੱਲ ਵਿਚ ਆਪਣਾ ਹਿੱਸਾ ਪੌਂਦੀ।

ਦੇਸ਼ ਵਾਸੀ ਅਜਾਦੀ ਨੂੰ ਆਪਣੀ ਮੰਜ਼ਲ ਸਮਝਦੀ ਸੀ ਨੌਜਵਾਨਾਂ ਦੀਆਂ ਆਸਾ ਉਮੰਗਾਂ ਵੀ ਅਜਾਦੀ ਨਾਲ ਬੱਝੀਆਂ ਹੋਈਆਂ ਸਨ ਤੇ ਦੇਸ਼ਾਂ ਦਾ ਹਰ ਨੌਜਵਾਨ ਇਹ ਭੁਲੇਖਾ ਆਪਣੇ ਮਨ ਵਿਚ ਰਖਦਾ ਸੀ ਕਿ ਅਜਾਦੀ ਔਣ ਨਾਲ ਹੀ ਸਾਰੀਆਂ ਮੁਸ਼ਕਲਾਂ ਤੇ ਮਸਲਿਆਂ ਦਾ ਹੱਲ ਹੋ ਜਾਵੇਗਾ। ਉਹ ਅਜ਼ਾਦੀ ਨੂੰ ਰਾਜਸੀ ਦੇ ਨਾਲ ਆਰਥਿਕ ਆਜ਼ਾਦੀ ਵੀ ਸਮਝਦਾ ਸੀ।

ਪਰ ਅਜ ਦੀ ਹਾਲਤ ਨੂੰ ਦੇਖ ਉਹ ਬੜਾ ਮਾਯੂਸ ਨਜ਼ਰ ਔਂਦਾ ਹੈ। ਸਨਅਤੀ ਤੌਰ ਉਤੇ ਦੇਸ਼ ਤਰਕੀ ਕਰ ਰਿਹਾ ਹੈ। ਪਰ ਬਿਜਲੀ ਦੀ ਕਿੱਲਤ ਕਰਕੇ ਕੰਮ ਕਾਰ ਬੰਦ ਹੁੰਦੇ ਜਾ ਰਹੇ ਹਨ। ਵਿਕਾਸ਼ੀ ਯੋਜਨਾਵਾਂ ਦਾ ਪ੍ਰਬੰਧ ਕਾਫੀ ਢਿਲਾ ਹੋਣ ਕਰਕੇ ਨਵੀਂ ਜਨ-ਸ਼ਕਤੀ ਨੂੰ ਕੰਮ ਵਿੱਚ ਨਾ ਲਾ ਸਕਣਾ, ਪੜੇ ਲਿਖੇ ਨੌਜਵਾਨਾਂ ਦਾ ਬੇਕਾਰ ਰਹਿਣਾ ਇਕ ਐਸੀ ਬੇਚੈਨੀ ਦੀ ਅਵਸਥਾ ਹੈ ਜਿਸ ਦਾ ਕੋਈ ਹੱਲ ਤਲਾਸ਼ ਕਰਨਾ ਪ੍ਰਵੇਗਾ। ਦਿਨ ਬਦਿਨ ਮਹਿੰਗਾਈ ਵਧਦੀ ਹੀ ਜਾ ਰਹੀ ਹੈ ਅਤੇ ਇਉਂ ਮਲੂਮ ਹੋ ਰਿਹਾ ਹੈ ਕੇ ਰਾਜਸੀ ਪਾਰਟੀਆਂ ਪਾਸ ਇਸਦਾ ਕੋਈ ਹੱਲ ਨਹੀਂ ਹੈ ਉਹ ਆਪਸੀ ਧੜੇ ਬੰਦਕ ਝਮੇਲੇ ਵਿੱਚ ਰੁਝੀਆਂ ਹੋਈਆਂ ਹਨ।

ਗੈਰ-ਉਪਜਾਊ ਕੰਮਾਂ ਵਿਚ ਪੈਸਾ ਜ਼ਿਆਦਾ ਖਰ-ਚਿਆ ਜਾ ਰਿਹਾ ਹੈ। ਵਕਤ ਤੇ ਪੈਸਾ ਇਨਆਗਰੇਸ਼ਨ ਸੇਰੇਮਨੀ ਤੇ ਫੀਤਾ ਕੱਟਣ ਦੇ ਜਸ਼ਨਾਂ ਵਿਚ ਹੀ ਖਰਚ ਹੋ ਰਿਹਾ ਹੈ। ਮਜ਼ਦੂਰਾਂ ਦੇ, ਕਿਸਾਨਾਂ ਦੇ ਮਸਲੇ ਅਜੇ ਤਕ ਹੱਲ ਨਹੀਂ ਹੋਏ। ਉਹ ਆਪਣੀਆਂ ਮੰਗਾਂ ਮੰਨਵਾਉਣ ਲਈ ਜਗ੍ਹਾ ਜਗ੍ਹਾ ਧਰਨੇ, ਹੜਤਾਲਾਂ, ਮੁਜਾਹਰ ਰੈਲੀਆਂ ਕਰਦੇ ਦਿਖਾਈ ਦਿੰਦੇ ਹਨ। ਆਰਥਕ ਸੰਘਰਸ਼ਾਂ ਦੇ ਨਾਲ ਨਾਲ ਫਿਰਕੂ ਤੇ ਮਜ਼ਹਬੀ ਤਣਾਉ ਦਾ ਵਾਤਾਵਰਣ ਬਣਦਾ ਜਾ ਰਿਹਾ ਹੈ। ਵਖਵਾਦੀ ਅਨਸਰ ਵੀ ਜ਼ੋਰ ਪਕੜਦਾ ਜਾ ਰਿਹਾ ਹੈ। ਇਹਨਾਂ ਕਰਕੇ ਅਜ ਦਾ ਨੌਜਵਾਨ ਬੇਚੈਨ ਨਜ਼ਰ ਆ ਰਿਹਾ ਹੈ।

ਵਿਦਿਆਰਥੀ ਜੋ ਨੌਜਵਾਨ ਵਰਗ ਦਾ ਇਕ ਅਹਿਮ ਅੰਗ ਹੈ ਜਿਨ੍ਹਾਂ ਨੇ ਕਲ ਨੂੰ ਦੇਸ਼ ਨਿਰਮਾਣ ਦੇ ਵਖ ਵਖ ਖੇਤਰਾਂ ਵਿਚ ਆਪਣਾ ਹਿੱਸਾ ਪਾਉਣਾ ਹੈ ਅਸੰਤੁਸ਼ਟ ਹੈ। ਵਿਦਿਅਕ ਪ੍ਰਬੰਧ ਨੂੰ ਜਮਹੂਰੀ ਕਰਨ ਤੇ

Post Office No. P A/R— 33
Registred With Registrar News Paper Vide No, MA/12397-D dated 14,8.80

ਇਸ ਨੂੰ ਦੇਸ਼ ਦੀਆਂ ਲੋੜਾਂ ਅਨੁਕੂਲ ਢਾਲਣ, ਇਮਤਿਹਾਨਾਂ ਦੇ ਤਰੀਕੇ ਨੂੰ ਬਦਲਣ ਨਾਲ ਸਬੰਧਤ ਬਹੁਤ ਸਾਰੇ ਮਸਲੇ ਹੱਲ ਕਰਨ ਦੀ ਲੋੜ ਹੈ।

ਇਹਨਾਂ ਸਭਨਾਂ ਮਸਲਿਆਂ ਉਤੇ ਵਿਚਾਰ ਕੇ ਕੋਈ ਹੱਲ ਕਢਣ ਦੇ ਜਤਨਾਂ ਲਈ ਦੇਸ਼ ਅੰਦਰ ਇਕ ਵਿਸ਼ਾਲ ਜਮਹੂਰੀ ਨੌਜਵਾਨ ਲਹਿਰ ਉਸਾਰਨ ਦੀ ਲੋੜ ਹੈ। ਇਹ ਲਹਿਰ ਭਾਰਤ ਦੇ ਨੌਜਵਾਨਾਂ ਨੂੰ ਇਕ ਨਿਸ਼ਚਿਤ ਉਦੇਸ਼ ਸਾਂਝੀਵਾਲਤਾ ਦੀ ਪਰਾਪਤੀ ਲਈ ਪ੍ਰੇਰਨਾ ਦੇਵੇਗੀ। ਇਹ ਲਹਿਰ ਅਜੋਕੀ ਲੋੜਾਂ ਦਾ ਹੱਲ ਲੱਭਣ ਦਾ ਜਤਨ ਕਰਦੀ ਹੋਈ ਨੌਜਵਾਨਾਂ ਨੂੰ ਇਕ ਨਰੋਈ ਲੜੀ ਵਿਚ ਪਰੋਵੇਗੀ। ਉਹਨਾਂ ਵਿਚ ਛਾ ਰਹੀ ਨਿਰਾਸ਼ਾ ਨੂੰ ਖਤਮ ਕਰੇਗੀ।

ਅਜੇਹੀ ਸਰਬ-ਪੱਖੀ ਜਮਹੂਰੀ ਲਹਿਰ ਉਸਾਰਨ ਵਲ ਬਹੁਤ ਘਟ ਖਿਆਲ ਦਿਤਾ ਗਿਆ ਹੈ। ਨੌਜਵਾਨਾਂ ਦੀਆਂ ਕਈ ਜਥੇਬੰਦੀਆਂ ਹਨ। ਕਈ ਕੇਵਲ ਕਿਸੇ ਰਾਜਸੀ ਪਾਰਟੀ ਦੇ ਇਕ ਮਹਿਕਮੇ ਦੇ ਤੌਰ ਉਤੇ ਚਲਦੀਆਂ ਹਨ। ਨੌਜਵਾਨਾਂ ਵਿਚ ਕੰਮ ਤੇ ਜਥੇਬੰਦਕ ਤੌਰ ਤੇ ਉਹਨਾਂ ਦੀ ਕੋਈ ਵਾਸਤਵਿਕ ਹੋਂਦ ਨਹੀਂ। ਇਸ ਲਈ ਜਮਹੂਰੀ ਲਹਿਰ ਉਸਾਰਨ ਲਈ ਵਖ ਵਖ ਜਥੇਬੰਦੀਆਂ ਤੋਂ ਪਰਾ ਸਹਿਯੋਗ ਮੰਗਦਿਆਂ ਹੋਇਆਂ ਮੁਖ ਤੌਰ ਤੇ ਨਵੇਂ ਸੱਜਰੇ ਉਦਮ ਕਰਨੇ ਪੈਣਗੇ।

ਅੱਜ ਦੇ ਮਸਲਿਆਂ ਦਾ ਹੱਲ ਢੂੰਡਣਾ ਪਵੇਗਾ। ਚੋਣ ਪਬੰਧ ਇਕ ਦੁਕਾਨਦਾਰੀ ਦੀ ਸ਼ਕਲ ਅਖਤਿਆਰ ਕਰ ਗਿਆ ਹੈ। ਸਾਊ ਅਕਸਰ ਚੋਣਾਂ ਤੋਂ ਗੁਰੇਜ ਕਰਨ ਲਗ ਪਿਆ ਹੈ। ਚੋਣ ਮੁਕਾਬਲੇ ਵਿਚ ਕੋਈ ਵੀ ਆਪਣੇ ਹਿੱਸਾ ਨਹੀਂ ਲੈਣਾ ਚਾਂਹਦੇ। ਨਤੀਜਾ ਇਹ ਹੁੰਦਾ ਹੈ ਕਿ ਬਣੀਆਂ ਹੋਈਆਂ ਜਥੇਬੰਦੀਆਂ ਨਾਕਸ ਬਣੀਆਂ ਰਹਿੰਦੀਆਂ ਹਨ। ਰਚਨਾਤਮਕ ਕੰਮ ਕਰਨਾ ਤਾਂ ਕਿਤੇ ਰਿਹਾ ਨਿਜੀ ਵੈਰ ਵਿਰੋਧ ਦੇ ਅਖਾੜੇ ਹੀ ਬਣੀਆਂ ਰਹਿੰਦੀਆਂ ਹਨ। ਸੋ ਅਜ ਲੋੜ ਹੈ ਦਫਤਰਾਂ ਦੇ ਕੰਮਾਂ ਦੀ ਜਾਂਚ ਪੜਤਾਲ ਕਰਨ ਲਈ ਆਦਮੀਰ ਪੁਰਸ਼ਾਂ ਦੀ ਜਥੇਬੰਦੀ ਬਣੌਣੀ ਪਵੇਗੀ ਪਿੰਡਾਂ ਤੇ ਸ਼ਹਿਰਾਂ ਵਿਚ ਨਗਰ ਸਭਾ ਕਾਇਮ ਕਰਨੀਆਂ ਪੈਣਗੀਆਂ ਜੋ ਦੇਖਣਗੀਆਂ ਕਿ ਸ਼ਹਿਰਾਂ ਵਿਚ ਮਿਊਂਨਸਪਲ ਕਮੇਟੀਆਂ ਕਾਰਪੋਰੇਸ਼ਨ ਤੇ ਪਿੰਡਾਂ ਵਿਚ ਪੰਚਾਇਤਾਂ ਨਗਰ ਸੁਧਾਰ ਦਾ ਕੰਮ ਠੀਕ ਕਰਦੀਆਂ ਵੀ ਹਨ ਕੇ ਨਹੀਂ। ਨੌਜਵਾਨ ਲਹਿਰਾਂ ਦਾ ਇਹ ਇਕ ਹਿੱਸਾ ਹੋਵੇਗਾ।

ਦਾਜੇ ਪ੍ਰਥਾ ਦੇ ਸਬੰਧਤ ਵਾਪਰਦੀਆਂ ਘਟਨਾਵਾਂ ਨਾਲ ਜੂਝਣਾ ਇਥੇ ਲਹਿਰ ਨਾਲ ਸਬੰਧ ਰਖੇਗਾ ਵਿਧਾਨ ਵਿਚ ਦਿਤੇ ਗਏ ਨਾਗਰਿਕ ਅਧਿਕਾਰਾਂ ਉਤੇ ਛਾਪਾ ਪੈਣਾ ਅਤੇ ਇਸੇ ਦੀ ਰੋਕ ਥਾਮ ਨੌਜਵਾਨ ਲਹਿਰ ਦਾ ਇਕ ਅੰਗ ਹੋਵੇਗਾ। ਹਰ ਬੁਰਿਆਈ ਦੀ ਸਜ਼ਾ ਲਈ ਕਾਨੂੰਨ ਹੁੰਦਿਆਂ ਹੋਇਆਂ ਵੀ ਸੀਕਉਰਿਟੀ ਮੇਨਟਨੈਂਸ ਐਕਟ ਘੜਕੇ ਲੋਕਾਂ ਦੀ ਜਮਹੂਰੀ ਜ਼ਿੰਦਗੀ ਦੁਭਰ ਕੀਤੀ ਜਾ ਰਹੀ ਹੈ। ਜਣੇ ਖਣੇ ਨੂੰ ਸ਼ੱਕ ਥਲੇ ਫੜਿਆ ਜਾ ਸਕਦਾ ਹੈ। ਫੜਨ ਵਾਲਿਆਂ ਨੂੰ ਕਾਫੀ ਅਧਿਕਾਰ ਮਿਲੇ ਹੋਏ ਹਨ। ਇਸ ਗੈਰ ਜਮਹੂਰੀ ਕਾਨੂੰਨ ਦੇ ਖਿਲਾਫ ਰੋਸ ਤੇ ਇਸ ਨੂੰ ਹਟਾਉਣਾ ਨੌਜਵਾਨ ਲਹਿਰ ਦਾ ਇਕ ਕੰਮ ਹੋਵੇਗਾ।

ਮੁਢਲੇ ਅਧਿਕਾਰਾਂ ਵਿਚ 'ਕੰਮ ਮਿਲਣ ਦਾ ਅਧਿਕਾਰ' ਬਿਲਕੁਲ ਨਹੀਂ ਹੈ ਇਸ ਦੀ ਪ੍ਰਾਪਤੀ ਲਈ ਨੌਜਵਾਨ ਲਹਿਰ ਦਾ ਅਹਿਮ ਕੰਮ ਹੋਵੇਗਾ। ਦੇਸ਼ਾਂ ਵਿਚ ਬੇਕਾਰੀ ਦੂਰ ਹੋਵੇ, ਹਰੇਕ ਨੂੰ ਕੰਮ ਮਿਲੇ, ਇਹ ਹਰ ਪ੍ਰਾਣੀ ਦਾ ਜਮਾਂਦਰੂ ਹੱਕ ਹੈ।

ਉਪਰੋਕਤ ਮਸਲਿਆਂ ਦਾ ਹੱਲ ਤੇ ਸਾਂਝੀਵਾਲਤਾ ਦੀ ਪ੍ਰਾਪਤੀ ਲਈ ਕੀਤਾ ਜਤਨਾਂ ਦਾ ਸਮਰਥਨ ਨੂੰ ਨਿਸ਼ਾਨੇ ਨੂੰ ਨੇੜੇ ਲਿਆਉਣ ਲਈ ਅਮਲੀ ਸਰਗਰਮੀ ਇਕ ਵਿਸ਼ਾਲ ਜਮਹੂਰੀ ਜਨਤਕ ਨੌਜਵਾਨ ਲਹਿਰ ਉਸਾਰਨ ਦਾ ਅਧਾਰ ਬਣ ਸਕਦੀ ਹੈ।

ਅਨਪੜ੍ਹਤਾ ਦੂਰ ਕਰਨਾ, ਉਸਾਰੀ ਸਕੀਮਾਂ ਨੂੰ ਉਲੀਕਣਾ ਤੇ ਸਿਰੇ ਚਾੜ੍ਹਨਾ ਲਾਇਬਰੇਰੀਆਂ, ਖੇਡਾਂ ਜਿਮਨਾਸਟਕ ਕਲੱਬਾਂ, ਇਹ ਉਦੇਸ਼ ਨੌਜਵਾਨ ਲਹਿਰ ਲਈ ਸਹਾਈ ਹੋ ਸਕਦੇ ਹਨ। ਅਜ ਦੇ ਨੌਜਵਾਨ ਇਹਨਾਂ ਸੁਝਾਵਾਂ ਉਤੇ ਵਿਚਾਰ ਕਰਕੇ ਸਮੇਂ ਦੀ ਇਸ ਲੋੜ ਨੂੰ ਪੂਰਾ ਕਰਨ ਲਈ ਕੋਈ ਉਦਮ ਕਰਨਗੇ ਅਤੇ ਵਿਸ਼ਾਲ ਜਮਹੂਰੀ ਨੌਜਵਾਨ ਲਹਿਰ ਉਸਾਰਨਗੇ।

[ ਪ੍ਰਤਾਪ ਸਿੰਘ – ਅੰਮ੍ਰਿਤਸਰ

---

ਲੋਕ-ਪੱਖੀ ਸਭਿਆਚਾਰ ਨੂੰ ਅੱਗੇ ਲਿਜਾਣ ਲਈ
14 ਮਾਰਚ 1982 ਨੂੰ ਪਿੰਡ ਨਸਰਾਲੀ (ਲੁਧਿ:) ਵਿਖੇ

## ਪੰਜਾਬ ਸਭਿਆਚਾਰਕ ਮੇਲਾ

ਮੌਜੂਦਾ ਦੌਰ 'ਚ ਫੈਲਾਏ ਜਾ ਰਹੇ ਲੱਚਰ ਸਭਿਆਚਾਰ ਦਾ ਲੋਕ-ਪੱਖੀ ਸਭਿਆਚਾਰ ਰਾਹੀਂ ਸੰਗਠਤ ਰੂਪ 'ਚ ਮੁਕਾਬਲਾ ਕਰਨ ਅਤੇ ਲੋਕ-ਹਿਤੈਸ਼ੀ ਸਭਿਆਚਾਰ ਨੂੰ ਅੱਗੇ ਤੋਰਨ ਲਈ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ (ਸ੍ਰੀ ਗੁਰਸ਼ਰਨ ਸਿੰਘ) ਅਤੇ ਪੰਜਾਬ ਨਾਟਕ ਕਲਾ ਕੇਂਦਰ ਨੇ ਪੰਜਾਬ ਸਭਿਆਚਾਰਕ ਮੇਲਾ ਕਰਵਾਣ ਦਾ ਉਪਰਾਲਾ ਕੀਤਾ ਹੈ। ਜਿਸ ਵਿੱਚ ਅਸੀਂ ਪੰਜਾਬ ਭਰ ਦੇ ਲੋਕ-ਹਿੱਤੂ ਸਾਹਿਤਕਾਰਾਂ ਅਤੇ ਨਾਟਕ ਮੰਡਲੀਆਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੰਦੇ ਹਾਂ।

–ਪ੍ਰੋਗਰਾਮ–

1. ਸਵੇਰੇ 11 ਵਜੇ ਤੋਂ 4 ਵਜੇ ਤੱਕ – ਕਾਨਫਰੰਸ
2. ਸ਼ਾਮ 4 ਵਜੇ ਤੋਂ 9 ਵਜੇ ਤੱਕ – ਕਵੀ ਦਰਬਾਰ
3. ਰਾਤ 8 ਵਜੇ – ਪੰਜਾਬ ਭਰ ਦੀਆਂ ਸ਼ਮਿਲ ਨਾਟਕ ਮੰਡਲੀਆਂ ਵੱਲੋਂ ਨਾਟਕ ਪੇਸ਼ ਕੀਤੇ ਜਾਣਗੇ।

ਭਰਪੂਰ ਆਸਾਂ ਨਾਲ–

ਪ੍ਰਬੰਧਕੀ ਅਦਾਰਾ– ਪੰਜਾਬ ਨਾਟਕ ਕਲਾ ਕੇਂਦਰ

ਨੋਟ – (ੳ) ਪਿੰਡ ਨਸਰਾਲੀ ਖੰਨਾ-ਮਲੇਰਕੋਟਲਾ ਰੋਡ ਤੇ ਸਥਿੱਤ ਹੈ।

(ਅ) 7 ਮਾਰਚ ਤੱਕ ਜੇਕਰ ਸ਼ਾਮਲ ਹੋਣ ਵਾਲੀਆਂ ਟੀਮਾਂ ਹੇਠ ਲਿਖੇ ਪਤੇ ਤੇ ਸੂਚਿਤ ਕਰ ਦੇਣ ਤਾਂ ਸਮਾਗਮ ਲਈ ਕਾਫੀ ਲਾਹੇਵੰਦਾ ਹੈ। ਜੋਰਾ ਸਿੰਘ 'ਨਸਰਾਲੀ' ਪਿੰਡ ਤੇ ਡਾਕਖਾਨਾ ਨਸਰਾਲੀ ਲੁਧਿਆਣਾ।